Punjabi | ਪੰਜਾਬੀ
VICTORIA
State
Government
ਕੀ ਤੁਹਾਡੇ ਘਰ ਦੇ ਬੀਮੇ ਵਿੱਚ ਕੁੱਝ ਘਾਟ ਹੈ?
ਕੀ ਤੁਹਾਡੇ ਬੀਮੇ ਵਿੱਚ ਅਸਥਾਈ ਰਿਹਾਇਸ਼, ਸਾਫ਼-ਸਫ਼ਾਈ ਦੇ ਖ਼ਰਚੇ ਜਾਂ ਹੜ੍ਹਾਂ ਕਾਰਨ ਹੋਇਆ ਨੁਕਸਾਨ ਸ਼ਾਮਲ ਹੈ?
ਇਹ ਜਾਣੋ ਕਿ ਤੁਸੀਂ ਆਪਣੀ ਪਾਲਿਸੀ ਵਿੱਚ ਕੀ ਵੇਖਣਾ ਹੈ।
areyoucovered.vic.gov.au

ਬੇਦਾਅਵਾ: ਇਸ ਦਸਤਾਵੇਜ਼ ਵਿੱਚ ਦਿੱਤੀ ਗਈ ਜਾਣਕਾਰੀ ਸਿਰਫ਼ ਆਮ ਜਾਣਕਾਰੀ ਦੇਣ ਦੇ ਉਦੇਸ਼ ਲਈ ਹੈ ਅਤੇ ਇਸ ਦੀ ਸਮੱਗਰੀ ਜਾਂ ਸ਼ੁੱਧਤਾ 'ਤੇ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ ਹੈ। ਇਹ ਕੋਈ ਅੰਤਿਮ ਗਾਈਡ ਨਹੀਂ ਹੈ ਅਤੇ ਨਾ ਹੀ ਇਸਦਾ ਉਦੇਸ਼ ਕਾਨੂੰਨੀ ਜਾਂ ਵਿੱਤੀ ਸਲਾਹ ਦੇਣਾ ਹੈ, ਅਤੇ ਇਹ ਤੁਹਾਡੇ ਖ਼ਾਸ ਵਿਅਕਤੀਗਤ ਹਾਲਾਤਾਂ ਜਾਂ ਲੋੜਾਂ ਨੂੰ ਧਿਆਨ ਵਿੱਚ ਨਹੀਂ ਰੱਖਦੀ ਹੈ।
ਜੇਕਰ ਤੁਹਾਨੂੰ ਆਪਣੇ ਨਿੱਜੀ ਹਾਲਾਤਾਂ ਦੇ ਸੰਬੰਧ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੀ ਨਿਰਪੱਖ ਸਲਾਹ ਲਓ। ਇਸ ਦਸਤਾਵੇਜ਼ ਦੀ ਸ਼ੁੱਧਤਾ ਅਤੇ ਸੰਪੂਰਨਤਾ ਯਕੀਨੀ ਬਣਾਉਣ ਲਈ ਹਰ ਕੋਸ਼ਿਸ਼ ਕੀਤੀ ਗਈ ਹੈ, ਅਤੇ ਇਸ ਵਿੱਚ ਸ਼ਾਮਲ ਲਿੰਕਾਂ ਦੇ ਹਵਾਲੇ ਪ੍ਰਕਾਸ਼ਨ ਦੀ ਮਿਤੀ ਤੱਕ ਤਾਜ਼ਾ ਹਨ।

ਪ੍ਰਕਾਸ਼ਨ ਦੀ ਮਿਤੀ: 2025

ਇਸ ਜਾਣਕਾਰੀ ਨੂੰ ਹੋਰ ਭਾਸ਼ਾਵਾਂ ਵਿੱਚ ਲੈਣ ਲਈ,
areyoucovered.vic.gov.au 'ਤੇ ਜਾਓ।

ਵਿਸ਼ਾ-ਸੂਚੀ

ਘਰ ਦਾ ਬੀਮਾ ਕਿਉਂ ਮਹੱਤਵਪੂਰਨ ਹੈ? 4

ਬੀਮੇ ਦੀ ਭਾਸ਼ਾ ਕਿਵੇਂ ਸਮਝੀਏ? 6

ਕਿੱਥੋਂ ਸ਼ੁਰੂਆਤ ਕਰਨੀ ਹੈ? 8

ਕਦਮ 1: ਆਪਣੇ ਜ਼ੋਖਮ ਨੂੰ ਜਾਣੋ 9

ਤੁਹਾਨੂੰ ਆਪਣੇ ਜ਼ੋਖਮ ਨੂੰ ਜਾਣਨ ਦੀ ਕਿਉਂ ਲੋੜ ਹੈ? 9
ਸਮੇਂ ਦੇ ਨਾਲ ਜ਼ੋਖਮ ਬਦਲਦੇ ਰਹਿੰਦੇ ਹਨ 9

ਕਦਮ 2: ਆਪਣੇ ਖ਼ਰਚੇ ਜਾਣੋ 10

ਤੁਹਾਡੇ ਘਰ ਨੂੰ ਦੁਬਾਰਾ ਬਣਾਉਣ ਲਈ ਕਿੰਨਾ ਖ਼ਰਚਾ ਆਵੇਗਾ? 10
ਸਾਮਾਨ ਦਾ ਬੀਮਾ 11

ਕਦਮ 3: ਆਪਣੇ ਬੀਮਾ ਕਵਰ ਨੂੰ ਜਾਣੋ 12

ਅੱਗ ਤੋਂ ਬੀਮਾ 12
ਤੂਫ਼ਾਨ ਅਤੇ ਹੜ੍ਹ ਬੀਮਾ 12
ਦੋ ਤਰ੍ਹਾਂ ਦੇ ਬੀਮੇ 13
ਆਪਣੇ ਬੀਮਾਕਰਤਾ ਨੂੰ ਪੁੱਛਣ ਵਾਲੇ ਸਵਾਲ 14
ਆਪਣੀ ਪਾਲਿਸੀ ਨੂੰ ਨਵਿਆਉਂਦੇ (ਰੀਨਿਊ ਕਰਦੇ) ਸਮੇਂ ਕੀ ਦੇਖਣਾ ਚਾਹੀਦਾ ਹੈ? 15
ਬੀਮਾ ਪਾਲਿਸੀਆਂ ਦੀ ਤੁਲਨਾ ਕਿਵੇਂ ਕਰੀਏ? 16

ਕਦਮ 4: ਜਾਣੋ ਕਿ ਦਾਅਵਾ ਕਿਵੇਂ ਕਰਨਾ ਹੈ 18

ਆਫ਼ਤ ਤੋਂ ਬਾਅਦ ਕੀ ਕਰਨਾ ਹੈ? 18
ਤੁਹਾਨੂੰ ਕਿਹੜੇ ਦਸਤਾਵੇਜ਼ਾਂ ਦੀ ਲੋੜ ਪਵੇਗੀ? 19
ਜੇਕਰ ਮੇਰੀ ਬੀਮਾ ਜਾਣਕਾਰੀ ਗੁੰਮ ਜਾਂ ਨਸ਼ਟ ਹੋ ਜਾਵੇ ਤਾਂ ਕੀ ਹੋਵੇਗਾ? 19
ਦਾਅਵੇ ਦੀ ਪ੍ਰਕਿਰਿਆ ਦੌਰਾਨ ਕੀ ਉਮੀਦ ਕਰਨੀ ਹੈ 20
ਜੇਕਰ ਤੁਹਾਡਾ ਦਾਅਵਾ ਮੰਨਜ਼ੂਰ ਹੋ ਜਾਂਦਾ ਹੈ 22
ਜੇਕਰ ਤੁਹਾਡਾ ਦਾਅਵਾ ਰੱਦ ਕਰ ਦਿੱਤਾ ਜਾਂਦਾ ਹੈ ਜਾਂ ਤੁਸੀਂ ਨਤੀਜੇ ਤੋਂ ਨਾਖੁਸ਼ ਹੋ 22
ਜੇਕਰ ਤੁਹਾਨੂੰ ਕਿਸੇ ਬੀਮਾ ਵਿਵਾਦ ਵਿੱਚ ਮੱਦਦ ਦੀ ਲੋੜ ਹੈ 22

ਮੱਦਦ ਲੱਭਣਾ 23

ਤੁਹਾਡੀਆਂ ਵਿੱਤੀ ਸਥਿਤੀਆਂ ਨਾਲ ਮੱਦਦ 23
ਮੁਫ਼ਤ ਕਾਨੂੰਨੀ ਸਲਾਹ 23
ਭਲਾਈ ਸਹਾਇਤਾ 23

ਘਰ ਦਾ ਬੀਮਾ ਕਿਉਂ ਮਹੱਤਵਪੂਰਨ ਹੈ?

ਵਿਕਟੋਰੀਆ ਵਿੱਚ, ਵੱਧ ਰਿਹਾ ਤਾਪਮਾਨ ਅਤੇ ਗੰਭੀਰ ਮੌਸਮੀ ਘਟਨਾਵਾਂ ਵਧੇਰੇ ਘਰਾਂ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ।

ਜੇਕਰ ਕੁੱਝ ਗ਼ਲਤ ਵਾਪਰ ਜਾਂਦਾ ਹੈ ਤਾਂ ਘਰ ਦਾ ਸਹੀ ਬੀਮਾ ਹੋਣਾ ਜ਼ਿੰਦਗੀ ਆਸਾਨ ਬਣਾ ਸਕਦਾ ਹੈ। ਜ਼ਿਆਦਾਤਰ ਵਿਕਟੋਰੀਆ ਵਾਸੀਆਂ ਕੋਲ ਘਰ ਅਤੇ ਸਾਮਾਨ ਦਾ ਬੀਮਾ ਹੁੰਦਾ ਹੈ - ਪਰ ਅਕਸਰ, ਇਹ ਕਾਫ਼ੀ ਨਹੀਂ ਹੁੰਦਾ ਹੈ। ਬੀਮਾ ਤੁਹਾਨੂੰ ਮਨ ਦੀ ਸ਼ਾਂਤੀ ਦਿੰਦਾ ਹੈ ਅਤੇ ਜੇਕਰ ਕੋਈ ਐਮਰਜੈਂਸੀ ਤੁਹਾਨੂੰ ਪ੍ਰਭਾਵਿਤ ਕਰਦੀ ਹੈ ਤਾਂ ਤੁਹਾਨੂੰ ਵਿੱਤੀ ਤੌਰ 'ਤੇ ਵਾਪਸ ਸੰਭਲਣ ਵਿੱਚ ਮੱਦਦ ਕਰਦਾ ਹੈ।

ਜ਼ਿਆਦਾਤਰ ਲੋਕਾਂ ਕੋਲ ਢੁੱਕਵਾਂ ਬੀਮਾ ਕਵਰ ਨਹੀਂ ਹੁੰਦਾ ਹੈ

ਵਿਕਟੋਰੀਆ ਦੇ ਜ਼ਿਆਦਾਤਰ ਲੋਕ ਇਹ ਮੰਨਦੇ ਹਨ ਕਿ ਉਨ੍ਹਾਂ ਕੋਲ ਢੁੱਕਵਾਂ ਬੀਮਾ ਹੈ, **ਪਰ ਸਿਰਫ਼ ਅੱਧਿਆਂ ਕੋਲ ਹੀ ਆਪਣੇ ਘਰ ਨੂੰ ਕਿਸੇ ਆਫ਼ਤ ਤੋਂ ਬਾਅਦ ਮੁੜ ਬਣਾਉਣ ਅਤੇ ਮੁੜ ਸਜਾਉਣ ਲਈ ਢੁੱਕਵਾਂ ਬੀਮਾ ਹੁੰਦਾ ਹੈ।**

ਬੁਸ਼ਫਾਇਰ ਅਤੇ ਹੜ੍ਹਾਂ ਦੇ ਖ਼ਤਰੇ ਨੂੰ ਅਕਸਰ ਘੱਟ ਸਮਝਿਆ ਜਾਂਦਾ ਹੈ

ਤੁਹਾਡਾ ਘਰ ਤੁਹਾਨੂੰ ਪਤਾ ਨਾ ਹੋਣ ਦੇ ਬਾਵਜੂਦ ਖ਼ਤਰੇ ਵਿੱਚ ਹੋ ਸਕਦਾ ਹੈ। **ਵੱਧ-ਜ਼ੋਖਮ ਵਾਲੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਹਿਣ ਵਾਲੇ 84 ਪ੍ਰਤੀਸ਼ਤ ਵਿਕਟੋਰੀਆ ਵਾਸੀ ਇਹ ਮੰਨਦੇ ਹਨ ਕਿ ਉਨ੍ਹਾਂ ਦਾ ਜ਼ੋਖਮ ਘੱਟ ਹੈ।**

ਪੁਨਰ-ਨਿਰਮਾਣ ਦੀਆਂ ਲਾਗਤਾਂ ਦਾ ਅੰਦਾਜ਼ਾ ਲਗਾਉਣਾ ਔਖਾ ਹੈ

ਸਿਰਫ਼ 5 ਵਿੱਚੋਂ 1ਵਿਕਟੋਰੀਆ ਵਾਸੀ ਹੀ ਇਹ ਸਹੀ ਤੌਰ 'ਤੇ ਅੰਦਾਜ਼ਾ ਲਗਾ ਸਕਦੇ ਹਨ ਕਿ ਉਨ੍ਹਾਂ ਦੇ ਘਰ ਨੂੰ ਦੁਬਾਰਾ ਬਣਾਉਣ ਲਈ ਕਿੰਨਾ ਖ਼ਰਚਾ ਆਵੇਗਾ।

ਤੁਸੀਂ ਬੀਮੇ 'ਤੇ ਬੱਚਤ ਕਰ ਸਕਦੇ ਹੋ

ਕਈ ਥਾਵਾਂ ਤੋਂ ਪੁੱਛ-ਗਿੱਛ ਕੇ ਅਤੇ ਵੱਖ-ਵੱਖ ਪ੍ਰਦਾਤਾਵਾਂ ਦੀ ਤੁਲਨਾ ਕਰਕੇ, ਤੁਸੀਂ ਆਪਣੀ ਘਰ ਦੀ ਬੀਮਾ ਪਾਲਿਸੀ ਦੀਆਂ ਲਾਗਤਾਂ ਵਿੱਚ 20 ਪ੍ਰਤੀਸ਼ਤ ਜਾਂ ਇਸ ਤੋਂ ਵੱਧ ਦੀ ਕਟੌਤੀ ਕਰ ਸਕਦੇ ਹੋ। ਹਾਲਾਂਕਿ, ਸਾਵਧਾਨ ਰਹੋ ਕਿ ਸਾਰੀਆਂ ਬੀਮਾ ਪਾਲਿਸੀਆਂ ਇੱਕੋ ਜਿਹੀ ਬੀਮਾ ਸੁਰੱਖਿਆ ਨਹੀਂ ਦਿੰਦੀਆਂ ਹਨ, ਅਤੇ ਪਾਲਿਸੀਆਂ ਵਿੱਚ ਕੁੱਝ ਚੀਜ਼ਾਂ 'ਤੇ ਖ਼ਾਸ ਸੀਮਾਵਾਂ ਲਾਗੂ ਸ਼ਾਮਲ ਹੁੰਦੀਆਂ ਹਨ।

ਬੀਮਾ ਉਲਝਣ ਵਾਲਾ ਹੋ ਸਕਦਾ ਹੈ

ਸਿਰਫ਼ 37 ਪ੍ਰਤੀਸ਼ਤ ਵਿਕਟੋਰੀਆ ਵਾਸੀ ਹੀ ਆਪਣੀ ਬੀਮਾ ਕਵਰੇਜ ਨੂੰ ਪੂਰੀ ਤਰ੍ਹਾਂ ਸਮਝਦੇ ਹਨ, ਜਦੋਂ ਕਿ 14 ਪ੍ਰਤੀਸ਼ਤ ਕਹਿੰਦੇ ਹਨ ਕਿ ਉਹ ਇਸਨੂੰ ਵਧੀਆ ਤਰੀਕੇ ਨਾਲ ਬਿਲਕੁਲ ਵੀ ਨਹੀਂ ਸਮਝਦੇ ਹਨ।

ਇਹ ਡੇਟਾ ਫਿਨਿਟੀ ਕਨਸਲਟਿੰਗ 2023 ਦੁਆਰਾ ਕੀਤੇ ਇੰਸ਼ੋਰੈਂਸ ਮਾਰਕੀਟ ਵਿਸ਼ਲੇਸ਼ਣ ਅਤੇ ਖ਼ਪਤਕਾਰ ਖੋਜ – ਅੰਤਿਮ ਰਿਪੋਰਟ ਤੋਂ ਲਿਆ ਗਿਆ ਹੈ।

ਅੱਜ ਹੀ ਕਾਰਵਾਈ ਕਰੋ

ਆਪਣੀ ਪਾਲਿਸੀ ਦੀ ਸਮੀਖਿਆ ਕਰੋ, ਆਪਣੇ ਜ਼ੋਖਮਾਂ ਨੂੰ ਜਾਣੋ ਅਤੇ ਉਪਲਬਧ ਬੀਮਿਆਂ ਦੀ ਤੁਲਨਾ ਕਰੋ ਤਾਂ ਜੋ ਤੁਸੀਂ ਆਪਣੇ ਘਰ ਦੀ ਵਧੀਆ ਸੁਰੱਖਿਆ ਕਰ ਸਕੋ।

ਬੀਮੇ ਦੀ ਭਾਸ਼ਾ ਕਿਵੇਂ ਸਮਝੀਏ?

ਘਰ ਦੇ ਬੀਮੇ ਦੀ ਆਪਣੀ ਇੱਕ ਭਾਸ਼ਾ ਹੁੰਦੀ ਹੈ। ਇੱਥੇ ਕੁੱਝ ਸ਼ਬਦ ਦਿੱਤੇ ਗਏ ਹਨ ਜੋ ਤੁਹਾਡੇ ਸਾਹਮਣੇ ਆ ਸਕਦੇ ਹਨ।

1. **ਬੁਸ਼ਫਾਇਰ ਪ੍ਰਭਾਵਿਤ ਇਲਾਕਾ:** ਇਹੋ ਜਿਹਾ ਇਲਾਕਾ ਜਿਸਨੂੰ ਬੁਸ਼ਫਾਇਰ ਨੇ ਪ੍ਰਭਾਵਿਤ ਕੀਤਾ ਹੈ ਜਾਂ ਕਰਨ ਦੀ ਸੰਭਾਵਨਾ ਹੈ।

2. **ਹੜ੍ਹ ਪ੍ਰਭਾਵਿਤ ਇਲਾਕਾ:** ਇੱਕ ਅਜਿਹਾ ਇਲਾਕਾ ਜੋ ਹੜ੍ਹਾਂ ਨਾਲ ਪ੍ਰਭਾਵਿਤ ਹੋ ਸਕਦਾ ਹੈ।

3. **ਕਵਰੇਜ (ਬੀਮਾ-ਸੁਰੱਖਿਆ):** ਤੁਹਾਡੀ ਪਾਲਿਸੀ ਅਧੀਨ ਸੁਰੱਖਿਅਤ ਕੀਤੀ ਜਾਇਦਾਦ ਜਾਂ ਲੋਕ, ਉਹ ਜ਼ੋਖਮ ਜਿਨ੍ਹਾਂ ਪ੍ਰਤੀ ਤੁਸੀਂ ਬੀਮਾ ਕਰਵਾਇਆ ਹੈ ਅਤੇ ਉਹ ਰਕਮ ਜਾਂ ਮੁਆਵਜ਼ਾ ਜੋ ਤੁਹਾਨੂੰ ਬੀਮੇ ਦੇ ਤਹਿਤ ਮਿਲੇਗਾ।

4. **ਪ੍ਰੀਮੀਅਮ:** ਉਹ ਰਕਮ ਜੋ ਤੁਸੀਂ ਹਰ ਸਾਲ ਆਪਣੇ ਬੀਮਾਕਰਤਾ ਨੂੰ ਬੀਮਾ ਕਰਵਾਉਣ ਲਈ ਦਿੰਦੇ ਹੋ।

5. **ਨਵੀਨੀਕਰਨ:** ਆਪਣੀ ਬੀਮਾ ਪਾਲਿਸੀ ਨੂੰ ਇੱਕ ਹੋਰ ਸਾਲ ਲਈ ਜਾਰੀ ਰੱਖਣਾ। ਤੁਹਾਨੂੰ ਨਵੀਨੀਕਰਨ ਨੋਟਿਸ ਪੜ੍ਹਨਾ ਚਾਹੀਦਾ ਹੈ ਅਤੇ ਉਨ੍ਹਾਂ ਬਦਲਾਵਾਂ ਦੀ ਜਾਂਚ ਕਰਨੀ ਚਾਹੀਦੀ ਹੈ ਜੋ ਤੁਹਾਨੂੰ ਆਪਣੀ ਕਵਰੇਜ ਵਿੱਚ ਕਰਨੇ ਚਾਹੀਦੇ ਹਨ।

6. **ਐਕਸੈੱਸ:** ਉਹ ਰਕਮ ਜੋ ਤੁਹਾਨੂੰ ਦਾਅਵਾ ਕਰਨ ਦੀ ਸੂਰਤ ਵਿੱਚ ਭਰਨੀ ਪਵੇਗੀ। ਤੁਹਾਨੂੰ ਦਾਅਵੇ ਦਾ ਨਿਪਟਾਰਾ ਹੋਣ ਤੋਂ ਪਹਿਲਾਂ ਐਕਸੈੱਸ ਦਾ ਭੁਗਤਾਨ ਕਰਨਾ ਪੈ ਸਕਦਾ ਹੈ।

7. **ਬਾਹਰ ਹੋਣ ਵਾਲੀਆਂ ਚੀਜ਼ਾਂ:** ਉਹ ਚੀਜ਼ਾਂ ਜੋ ਬੀਮਾ ਪਾਲਿਸੀ ਹੇਠ ਸੁਰੱਖਿਅਤ ਨਹੀਂ ਹੁੰਦੀਆਂ ਹਨ।

8. **ਬੀਮਾ ਪਾਲਿਸੀ:** ਤੁਹਾਡੇ ਅਤੇ ਤੁਹਾਡੇ ਬੀਮਾਕਰਤਾ ਵਿਚਕਾਰ ਸਾਲਾਨਾ ਇਕਰਾਰਨਾਮਾ, ਜਿਸ ਵਿੱਚ ਤੁਹਾਡੇ ਦੁਆਰਾ ਕਰਾਏ ਗਏ ਬੀਮੇ ਦੀ ਜਾਣਕਾਰੀ ਹੁੰਦੀ ਹੈ। ਹਰੇਕ ਪਾਲਿਸੀ ਵਿੱਚ ਇੱਕ ਪ੍ਰੋਡਕਟ ਡਿਸਕਲੋਜ਼ਰ ਸਟੇਟਮੈਂਟ (PDS) ਹੁੰਦੀ ਹੈ ਜਿਸਨੂੰ ਤੁਹਾਨੂੰ ਪੜ੍ਹਨਾ ਚਾਹੀਦਾ ਹੈ ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਤੁਹਾਡੀ ਪਾਲਿਸੀ ਦੀ ਮਿਆਦ ਦੌਰਾਨ ਤੁਸੀਂ ਕਿਸ-ਕਿਸ ਚੀਜ਼ ਲਈ ਬੀਮਾ ਕਰਵਾਇਆ ਹੈ।

9. **ਪ੍ਰੋਡਕਟ ਡਿਸਕਲੋਜ਼ਰ ਸਟੇਟਮੈਂਟ (PDS):** ਇੱਕ ਦਸਤਾਵੇਜ਼ ਜੋ ਬੀਮਾਕਰਤਾ ਵੱਲੋਂ ਤੁਹਾਨੂੰ ਦਿੱਤਾ ਜਾਣਾ ਲਾਜ਼ਮੀ ਹੈ ਅਤੇ ਇਸ ਵਿੱਚ ਤੁਹਾਡੀ ਪਾਲਿਸੀ ਦੇ ਨਿਯਮ ਅਤੇ ਸ਼ਰਤਾਂ ਹੁੰਦੀਆਂ ਹਨ। ਇਹ ਇੱਕ ਮਹੱਤਵਪੂਰਨ ਦਸਤਾਵੇਜ਼ ਹੈ ਅਤੇ ਤੁਹਾਨੂੰ ਇਸਨੂੰ ਪੜ੍ਹਨਾ ਚਾਹੀਦਾ ਹੈ।

10. **ਮਾਰਕੀਟ ਮੁੱਲ:** ਉਹ ਰਕਮ ਜੋ ਤੁਹਾਡੇ ਘਰ ਦੀ ਕੀਮਤ ਅੱਜ ਵੇਚਣ 'ਤੇ ਹੋਵੇਗੀ। ਇਹ ਕਦੇ ਹੀ ਉਸ ਰਕਮ ਦੇ ਬਰਾਬਰ ਹੁੰਦੀ ਹੈ ਜੋ ਤੁਹਾਡੇ ਘਰ ਨੂੰ ਦੁਬਾਰਾ ਬਣਾਉਣ 'ਤੇ ਖ਼ਰਚ ਆਏਗੀ। ਇਹ ਸੈਟਲਮੈਂਟ ਰਕਮ ਤੋਂ ਵੱਖਰੀ ਹੁੰਦੀ ਹੈ।

11. ਸਮ-ਇਨਸ਼ੋਰਡ (ਨਿਸ਼ਚਿਤ ਬੀਮਾ ਰਾਸ਼ੀ): ਉਹ ਵੱਧ ਤੋਂ ਵੱਧ ਰਕਮ, ਜੋ ਤੁਹਾਡਾ ਬੀਮਾਕਰਤਾ ਤੁਹਾਨੂੰ ਦਾਅਵਾ ਕਰਨ ‘ਤੇ ਅਦਾ ਕਰ ਸਕਦਾ ਹੈ। ਘਰ ਦੇ ਬੀਮੇ ਲਈ, ਇਹ ਉਹ ਸਭ ਤੋਂ ਵੱਧ ਰਕਮ ਹੈ ਜੋ ਤੁਹਾਡਾ ਬੀਮਾਕਰਤਾ ਤੁਹਾਡੇ ਘਰ ਨੂੰ ਮੁੜ ਬਣਾਉਣ ਲਈ ਭੁਗਤਾਨ ਕਰੇਗਾ, ਜਦੋਂ ਕਿ ਸਾਮਾਨ ਦੇ ਬੀਮੇ ਲਈ, ਇਹ ਉਹ ਸਭ ਤੋਂ ਵੱਧ ਰਕਮ ਹੈ ਜਿਸ ਲਈ ਤੁਹਾਡਾ ਸਾਮਾਨ ਦਾ ਬੀਮਾ ਕੀਤਾ ਗਿਆ ਹੈ।

12. ਦਾਅਵਾ: ਜਦੋਂ ਜਾਇਦਾਦ ਦੇ ਨੁਕਸਾਨ ਵਰਗੀ ਕੋਈ ਘਟਨਾ ਵਾਪਰਦੀ ਹੈ, ਅਤੇ ਤੁਸੀਂ ਆਪਣੀ ਬੀਮਾ ਕੰਪਨੀ ਤੋਂ ਭੁਗਤਾਨ ਦੀ ਮੰਗ ਕਰਦੇ ਹੋ।

13. ਕੰਮ ਦੇ ਦਾਇਰੇ ਦੀ ਰਿਪੋਰਟ: ਜੇਕਰ ਤੁਹਾਡਾ ਦਾਅਵਾ ਮੰਨਜ਼ੂਰ ਹੋ ਜਾਂਦਾ ਹੈ, ਤਾਂ ਤੁਹਾਨੂੰ ਕੀਤੇ ਜਾਣ ਵਾਲੇ ਕੰਮ ਦੇ ਦਾਇਰੇ (ਸਕੋਪ ਆਫ਼ ਵਰਕਸ) ਦੀ ਰਿਪੋਰਟ ਪ੍ਰਾਪਤ ਹੋਵੇਗੀ। ਇਹ ਰਿਪੋਰਟ ਸਾਰੀਆਂ ਲੋੜੀਂਦੀਆਂ ਮੁਰੰਮਤਾਂ ਦੀ ਵਿਸਥਾਰ ਨਾਲ ਜਾਣਕਾਰੀ ਦਿੰਦੀ ਹੈ। ਇਹ ਯਕੀਨੀ ਬਣਾਉਣ ਲਈ ਇਸ ਰਿਪੋਰਟ ਦੀ ਜਾਂਚ ਕਰਨਾ ਮਹੱਤਵਪੂਰਨ ਹੈ ਕਿ ਤੁਹਾਡੇ ਦਸਤਖ਼ਤ ਕਰਨ ਤੋਂ ਪਹਿਲਾਂ ਇਸ ਰਿਪੋਰਟ ਵਿੱਚ ਮੁਰੰਮਤ ਜਾਂ ਬਦਲੀ ਹੋਣ ਵਾਲੀ ਲੋੜੀਂਦੀ ਹਰ ਚੀਜ਼ ਦਾ ਵਰਣਨ ਕੀਤਾ ਗਿਆ ਹੈ।

14. ਸੈਟਲਮੈਂਟ: ਜੇਕਰ ਤੁਹਾਡਾ ਦਾਅਵਾ ਮੰਨਜ਼ੂਰ ਹੋ ਜਾਂਦਾ ਹੈ ਤਾਂ ਤੁਹਾਨੂੰ ਆਪਣੇ ਬੀਮਾਕਰਤਾ ਵੱਲੋਂ ਮਿਲਣ ਵਾਲੀ ਰਕਮ। ਤੁਹਾਡਾ ਬੀਮਾਕਰਤਾ ਤੁਹਾਡੇ ਘਰ ਦੀ ਮੁਰੰਮਤ ਕਰਨ ਜਾਂ ਦੁਬਾਰਾ ਬਣਾਉਣ ਦਾ ਪ੍ਰਬੰਧ ਕਰ ਸਕਦਾ ਹੈ ਜਾਂ ਤੁਹਾਨੂੰ ਇਹ ਰਕਮ ਦੇ ਸਕਦਾ ਹੈ ਤਾਂ ਜੋ ਤੁਸੀਂ ਖੁਦ ਇਸਦਾ ਇੰਤਜ਼ਾਮ ਕਰ ਸਕੋ। ਤੁਹਾਨੂੰ ਪੈਸੇ ਦੇਣ ਨੂੰ ਕਈ ਵਾਰ ਪੇਆਊਟ ਜਾਂ ਕੈਸ਼ ਸੈਟਲਮੈਂਟ ਕਿਹਾ ਜਾਂਦਾ ਹੈ। ਸੈਟਲਮੈਂਟ ਮੁੱਲ ਹਮੇਸ਼ਾ ਮਾਰਕੀਟ ਮੁੱਲ ਨਾਲ ਮੇਲ ਨਹੀਂ ਖਾਂਦਾ ਹੈ।

15. ਐਮਬਾਰਗੋ (ਪਾਬੰਦੀ): ਜਦੋਂ ਕੋਈ ਕੁਦਰਤੀ ਆਫ਼ਤ, ਜਿਵੇਂ ਕਿ ਬੁਸ਼ਫਾਇਰ, ਹੜ੍ਹ ਜਾਂ ਚੱਕਰਵਾਤ ਨੇੜੇ ਆਉਂਦੀ ਹੈ, ਤਾਂ ਬੀਮਾਕਰਤਾ ਲੋਕਾਂ ਨੂੰ ਬੀਮਾ ਖ਼ਰੀਦਣ ਤੋਂ ਰੋਕਣ ਲਈ ਨਵੀਆਂ ਬੀਮਾ ਪਾਲਿਸੀਆਂ ਦੀ ਖ਼ਰੀਦ 'ਤੇ ਪਾਬੰਦੀਆਂ ਲਗਾ ਸਕਦੇ ਹਨ।

ਕਿੱਥੋਂ ਸ਼ੁਰੂਆਤ ਕਰਨੀ ਹੈ?

ਕੀ ਤੁਸੀਂ ਸੋਚ ਰਹੇ ਹੋ ਕਿ ਘਰ ਦੇ ਬੀਮੇ ਦੀ ਗੱਲ ਕਿੱਥੋਂ ਸ਼ੁਰੂ ਕਰੀਏ?

ਇਹ ਕਿਤਾਬਚਾ ਤੁਹਾਨੂੰ ਘਰ ਦੇ ਬੀਮੇ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਮੱਦਦ ਕਰੇਗਾ, ਇਹ ਕਿਉਂ ਮਹੱਤਵਪੂਰਨ ਹੈ, ਅਤੇ ਤੁਸੀਂ ਇਹ ਕਿਵੇਂ ਯਕੀਨੀ ਬਣਾ ਸਕਦੇ ਹੋ ਕਿ ਤੁਹਾਡੇ ਕੋਲ ਉਹ ਬੀਮਾ ਪਾਲਿਸੀ ਹੈ ਜੋ ਤੁਹਾਡੀਆਂ ਲੋੜਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਪੂਰਾ ਕਰਦੀ ਹੈ।

ਇਹ ਤੁਹਾਨੂੰ ਉਨ੍ਹਾਂ ਚਾਰ ਕਦਮਾਂ ਬਾਰੇ ਮਾਰਗਦਰਸ਼ਨ ਕਰੇਗੀ ਜੋ ਤੁਸੀਂ ਆਪਣੇ ਘਰ ਦੀ ਸੁਰੱਖਿਆ ਕਰਨ ਲਈ ਅਤੇ ਜੇਕਰ ਨੁਕਸਾਨ ਹੋਵੇ ਤਾਂ ਦਾਅਵਾ ਕਰਨ ਲਈ ਚੁੱਕ ਸਕਦੇ ਹੋ। ਹਰ ਕਦਮ ਬਾਰੇ ਸਿੱਖਣ ਲਈ ਸਮਾਂ ਕੱਢਣਾ ਤੁਹਾਡੇ ਘਰ ਦੇ ਬੀਮੇ ਦਾ ਪ੍ਰਬੰਧ ਕਰਨ ਨੂੰ ਆਸਾਨ ਬਣਾਉਣ ਵਿੱਚ ਮੱਦਦ ਕਰੇਗਾ।

ਕਦਮ 1 — ਆਪਣੇ ਜ਼ੋਖਮ ਨੂੰ ਜਾਣੋ

ਕਦਮ 2 — ਆਪਣੇ ਖ਼ਰਚੇ ਨੂੰ ਜਾਣੋ

ਕਦਮ 3 — ਆਪਣੀ ਬੀਮਾ ਸੁਰੱਖਿਆ ਨੂੰ ਜਾਣੋ

ਕਦਮ 4 — ਜਾਣੋ ਕਿ ਦਾਅਵਾ ਕਿਵੇਂ ਕਰਨਾ ਹੈ

ਕਦਮ 1 ਆਪਣੇ ਜ਼ੋਖਮ ਨੂੰ ਜਾਣੋ

ਤੁਹਾਨੂੰ ਆਪਣੇ ਜ਼ੋਖਮ ਨੂੰ ਜਾਣਨ ਦੀ ਕਿਉਂ ਲੋੜ ਹੈ?

ਘਰ ਦੇ ਬੀਮੇ ਵਿੱਚ, 'ਜ਼ੋਖਮ' ਦਾ ਅਰਥ ਉਹ ਸੰਭਾਵਨਾ ਹੈ ਜਦੋਂ ਕੋਈ ਆਫ਼ਤ, ਜਿਵੇਂ ਕਿ ਹੜ੍ਹ, ਤੂਫ਼ਾਨ ਜਾਂ ਅੱਗ, ਤੁਹਾਡੇ ਘਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਤੁਹਾਡਾ ਜ਼ੋਖਮ ਇਸ ਗੱਲ ਨੂੰ ਪ੍ਰਭਾਵਿਤ ਕਰਦਾ ਹੈ ਕਿ ਤੁਹਾਡੀ ਬੀਮਾ ਪਾਲਿਸੀ ਵਿੱਚ ਕੀ ਕਵਰ ਹੋਣਾ ਚਾਹੀਦਾ ਹੈ। ਜੇਕਰ ਤੁਸੀਂ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਰਹਿੰਦੇ ਹੋ, ਤਾਂ ਯਕੀਨੀ ਬਣਾਓ ਕਿ ਤੁਹਾਡੇ ਬੀਮੇ ਵਿੱਚ ਹੜ੍ਹ ਦਾ ਕਵਰ ਹੋਵੇ। ਅਤੇ ਜੇਕਰ ਤੁਸੀਂ ਬੁਸ਼ਫਾਇਰ ਪ੍ਰਭਾਵਿਤ ਇਲਾਕੇ ਵਿੱਚ ਰਹਿੰਦੇ ਹੋ, ਤਾਂ ਯਕੀਨੀ ਬਣਾਓ ਕਿ ਤੁਹਾਡੀ ਬੀਮਾ ਪਾਲਿਸੀ ਸਿਰਫ਼ ਘਰਾਂ ਦੀ ਅੱਗ ਨਾਲ ਹੋਣ ਵਾਲੇ ਨੁਕਸਾਨ ਨੂੰ ਹੀ ਨਹੀਂ, ਸਗੋਂ ਬੁਸ਼ਫਾਇਰ ਤੋਂ ਹੋਣ ਵਾਲੇ ਨੁਕਸਾਨ ਨੂੰ ਵੀ ਕਵਰ ਕਰਦੀ ਹੈ।

ਸਮੇਂ ਦੇ ਨਾਲ ਜ਼ੋਖਮ ਬਦਲਦੇ ਰਹਿੰਦੇ ਹਨ

ਜਿਵੇਂ-ਜਿਵੇਂ ਵਾਤਾਵਰਣ ਅਤੇ ਮੌਸਮ ਬਦਲਦੇ ਹਨ, ਤੁਹਾਡੇ ਜ਼ੋਖਮ ਵੀ ਬਦਲਦੇ ਹਨ।

ਜੋ ਘਰ ਤੁਸੀਂ 15 ਸਾਲ ਪਹਿਲਾਂ ਖ਼ਰੀਦਿਆ ਸੀ, ਸ਼ਾਇਦ ਉਦੋਂ ਉਸਦਾ ਬੁਸ਼ਫਾਇਰ ਜਾਂ ਹੜ੍ਹ ਦਾ ਜ਼ੋਖਮ ਘੱਟ ਹੋਵੇ, ਪਰ ਸਮੇਂ ਦੇ ਨਾਲ ਇਹ ਜ਼ੋਖਮ ਵੱਧ ਗਿਆ ਹੋ ਸਕਦਾ ਹੈ। ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਉਨ੍ਹਾਂ ਜ਼ੋਖਮਾਂ ਨੂੰ ਜਾਣੋ ਜੋ ਤੁਹਾਡੇ ਘਰ ਨੂੰ ਅੱਜ ਪ੍ਰਭਾਵਿਤ ਕਰ ਸਕਦੇ ਹਨ।

ਆਪਣੇ ਨੇੜੇ ਦੇ ਖ਼ਤਰਿਆਂ ਬਾਰੇ ਜਾਣੋ:

www.areyoucovered.vic.gov.au

1. ਜ਼ੋਨਿੰਗ, ਜ਼ਮੀਨ ਦੀ ਵਰਤੋਂ ਅਤੇ ਇਤਿਹਾਸਕ ਡੇਟਾ ਬਾਰੇ ਜਾਣਕਾਰੀ ਲਈ ਆਪਣੀ ਕੌਂਸਲ ਨਾਲ **ਸੰਪਰਕ ਕਰੋ**।
2. ਡਰੇਨੇਜ ਸਿਸਟਮ, ਪਾਣੀ ਦੇ ਪੱਧਰ ਅਤੇ ਹੜ੍ਹ ਦੇ ਨਕਸ਼ਿਆਂ ਬਾਰੇ ਜਾਣਕਾਰੀ ਲਈ ਆਪਣੀ ਕੈਚਮੈਂਟ ਮੈਨੇਜਮੈਂਟ ਅਥਾਰਟੀ ਨਾਲ **ਸੰਪਰਕ ਕਰੋ**।

ਕਦਮ 2 ਆਪਣੇ ਖ਼ਰਚੇ ਜਾਣੋ

ਤੁਹਾਡੇ ਘਰ ਨੂੰ ਦੁਬਾਰਾ ਬਣਾਉਣ ਲਈ ਕਿੰਨਾ ਖ਼ਰਚਾ ਆਵੇਗਾ?

ਤੁਹਾਡੀ ਬੀਮਾ ਵਿੱਚ ਉਹ ਰਕਮ ਕਵਰ ਹੋਣੀ ਚਾਹੀਦੀ ਹੈ ਜੋ ਅੱਜ ਤੁਹਾਡੇ ਘਰ ਨੂੰ ਦੁਬਾਰਾ ਬਣਾਉਣ ਲਈ ਲੱਗੇਗੀ। 10 ਸਾਲ ਪਹਿਲਾਂ ਘਰ ਨੂੰ ਦੁਬਾਰਾ ਬਣਾਉਣਾ, ਅੱਜ ਦੀ ਤੁਲਨਾ ਵਿੱਚ ਘਰ ਨੂੰ ਦੁਬਾਰਾ ਬਣਾਉਣ ਨਾਲੋਂ ਕਾਫ਼ੀ ਸਸਤਾ ਸੀ।

ਭਾਵੇਂ ਤੁਹਾਡੇ ਕੋਲ ਬੀਮਾ ਹੈ, ਕੀ ਇਹ ਆਫ਼ਤ ਆਉਣ 'ਤੇ ਤੁਹਾਡੇ ਘਰ ਨੂੰ ਦੁਬਾਰਾ ਬਣਾਉਣ ਲਈ ਕਾਫ਼ੀ ਹੋਵੇਗਾ? ਕੀ ਤੁਸੀਂ ਨਵਿਆਏ ਗਏ ਉਸਾਰੀ ਨਿਯਮਾਂ, ਚੁਣੌਤੀਪੂਰਨ ਥਾਵਾਂ ਅਤੇ ਵੱਧ ਰਹੇ ਮਜ਼ਦੂਰੀ ਅਤੇ ਸਮੱਗਰੀ ਦੇ ਖ਼ਰਚਿਆਂ 'ਤੇ ਵਿਚਾਰ ਕੀਤਾ ਹੈ? ਇਨ੍ਹਾਂ ਤੋਂ ਇਲਾਵਾ, ਇਸ ਵਿੱਚ ਢਾਹੁਣ, ਸਾਫ਼-ਸਫ਼ਾਈ, ਐਸਬੈਸਟਸ ਹਟਾਉਣ, ਕੌਂਸਲ ਦੀਆਂ ਫ਼ੀਸਾਂ ਅਤੇ ਆਰਕੀਟੈਕਟ ਅਤੇ ਸਰਵੇਅਰ ਸੇਵਾਵਾਂ ਲਈ ਵਧੀਕ ਖ਼ਰਚੇ ਵੀ ਹੋ ਸਕਦੇ ਹਨ। ਤੁਹਾਨੂੰ ਘਰ ਦੇ ਪੁਨਰ-ਨਿਰਮਾਣ ਦੌਰਾਨ ਅਸਥਾਈ ਰਿਹਾਇਸ਼ ਦੀ ਵੀ ਲੋੜ ਪੈ ਸਕਦੀ ਹੈ।

ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਡੇ ਘਰ ਨੂੰ ਦੁਬਾਰਾ ਬਣਾਉਣ ਲਈ ਕਿੰਨਾ ਖ਼ਰਚਾ ਆਵੇਗਾ?

www.areyoucovered.vic.gov.au 'ਤੇ ਜਾਓ।

ਕਦਮ 2 ਆਪਣੇ ਖ਼ਰਚੇ ਜਾਣੋ

ਸਾਮਾਨ ਦਾ ਬੀਮਾ

ਸਾਮਾਨ ਦਾ ਬੀਮਾ ਤੁਹਾਡੇ ਘਰੇਲੂ ਸਾਮਾਨ ਨੂੰ ਕਵਰ ਕਰਦਾ ਹੈ, ਜੇਕਰ ਉਹ ਨੁਕਸਾਨੇ ਜਾਂਦੇ ਹਨ, ਗੁਆਚ ਜਾਂਦੇ ਹਨ ਜਾਂ ਚੋਰੀ ਹੋ ਜਾਂਦੇ ਹਨ। ਯਕੀਨੀ ਬਣਾਓ ਕਿ ਤੁਹਾਡੇ ਸਾਮਾਨ ਦਾ ਬੀਮਾ ਤੁਹਾਡੇ ਸਾਰੇ ਸਾਮਾਨ ਨੂੰ ਬਦਲਣ ਦੀ ਕੀਮਤ ਨੂੰ ਪੂਰਾ ਕਰਦਾ ਹੋਵੇ।

ਆਪਣੇ ਸਾਰੇ ਸਾਮਾਨ ਅਤੇ ਉਨ੍ਹਾਂ ਦੀ ਕੀਮਤ ਦੀ ਸੂਚੀ ਬਣਾ ਕੇ ਸ਼ੁਰੂਆਤ ਕਰੋ – ਰਸੋਈ ਦੀਆਂ ਚੀਜ਼ਾਂ ਤੋਂ ਲੈ ਕੇ ਆਪਣੇ ਸ਼ੈੱਡ ਵਿੱਚ ਔਜ਼ਾਰਾਂ ਤੱਕ। ਕੋਈ ਵੀ ਅੱਪਗ੍ਰੇਡ, ਜਿਵੇਂ ਨਵੀਨੀਕਰਨ, ਨਵੇਂ ਫਰਨੀਚਰ ਜਾਂ ਨਵੇਂ ਉਪਕਰਣਾਂ ਤੋਂ ਬਾਅਦ ਆਪਣੀ ਪਾਲਿਸੀ ਨੂੰ ਅੱਪਡੇਟ ਕਰਨਾ ਯਾਦ ਰੱਖੋ। ਬਹੁਤ ਸਾਰੇ ਲੋਕ ਇਹ ਤਬਦੀਲੀਆਂ ਕਰਨਾ ਭੁੱਲ ਜਾਂਦੇ ਹਨ, ਜਿਸ ਕਾਰਨ ਜੇਕਰ ਤੁਹਾਨੂੰ ਦਾਅਵਾ ਕਰਨ ਦੀ ਲੋੜ ਪੈਂਦੀ ਹੈ ਤਾਂ ਤੁਹਾਡਾ ਬੀਮਾ ਘੱਟ ਰਹਿ ਸਕਦਾ ਹੈ।

ਆਪਣੇ ਸਾਰੇ ਸਾਮਾਨ ਬਾਰੇ ਸੋਚੋ। ਆਪਣੇ ਕੱਪੜਿਆਂ ਦੇ ਨਾਲ-ਨਾਲ ਆਪਣੇ ਲੌਅਨ ਮੋਵਰ ਅਤੇ ਯੰਤਰਾਂ ਵਰਗੀਆਂ ਚੀਜ਼ਾਂ ਨੂੰ ਵੀ ਸ਼ਾਮਲ ਕਰੋ। ਤੁਹਾਨੂੰ ਕੁੱਝ ਖ਼ਾਸ ਚੀਜ਼ਾਂ ਜਿਵੇਂ ਕਿ ਔਜ਼ਾਰਾਂ ਲਈ ਕਿਸੇ ਵੀ ਤਰ੍ਹਾਂ ਦੀਆਂ ਬੀਮੇ ਤੋਂ ਬਾਹਰ ਰੱਖੀਆਂ ਗਈਆਂ ਚੀਜ਼ਾਂ ਜਾਂ ਵੱਧ ਤੋਂ ਵੱਧ ਬੀਮਾ ਸੀਮਾ ਤੋਂ ਜਾਣੂ ਹੋਣ ਦੀ ਲੋੜ ਹੈ। ਤੁਹਾਡੀ ਕਾਰ ਨੂੰ ਹੋਏ ਨੁਕਸਾਨ ਨੂੰ ਆਮ ਤੌਰ 'ਤੇ ਤੁਹਾਡੇ ਘਰ ਅਤੇ ਸਾਮਾਨ ਦੇ ਬੀਮੇ ਤੋਂ ਵੱਖਰੀ ਬੀਮਾ ਪਾਲਿਸੀ ਦੇ ਤਹਿਤ ਕਵਰ ਕੀਤੇ ਜਾਣ ਦੀ ਜ਼ਰੂਰਤ ਹੋਵੇਗੀ, ਭਾਵੇਂ ਤੁਹਾਡੀਆਂ ਸਾਰੀਆਂ ਪਾਲਿਸੀਆਂ ਇੱਕੋ ਬੀਮਾਕਰਤਾ ਦੇ ਨਾਲ ਹੀ ਕਿਉਂ ਨਾ ਹੋਣ।

www.areyoucovered.vic.gov.au 'ਤੇ ਉਪਲਬਧ ਸਾਮਾਨ ਦਾ ਕੈਲਕੁਲੇਟਰ ਤੁਹਾਨੂੰ ਸਾਮਾਨ ਬਦਲਣ ਦੀ ਕੀਮਤ ਦਾ ਅੰਦਾਜ਼ਾ ਲਗਾਉਣ ਵਿੱਚ ਮੱਦਦ ਕਰ ਸਕਦਾ ਹੈ।

ਕਿਰਾਏਦਾਰਾਂ ਲਈ ਸੁਝਾਅ

ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਆਪਣੇ ਸਮਾਨ ਦੀ ਸੁਰੱਖਿਆ ਲਈ ਸਮਾਨ ਦਾ ਬੀਮਾ ਕਰਵਾ ਸਕਦੇ ਹੋ? ਕੁੱਝ ਬੀਮਾ ਪਾਲਿਸੀਆਂ ਰਹਿਣ ਦੀ ਜਗ੍ਹਾ (ਅਸਥਾਈ ਰਿਹਾਇਸ਼) ਲਈ ਭੁਗਤਾਨ ਕਰਨ ਵਿੱਚ ਵੀ ਮੱਦਦ ਕਰਦੀਆਂ ਹਨ, ਜੇਕਰ ਤੁਹਾਡੀ ਕਿਰਾਏ ਦੀ ਜਾਇਦਾਦ ਰਹਿਣ ਦੇ ਯੋਗ ਨਾ ਰਹੇ। ਵੱਖ-ਵੱਖ ਨੀਤੀਆਂ ਦੀ ਤੁਲਨਾ ਕਰਨਾ ਇੱਕ ਚੰਗਾ ਵਿਚਾਰ ਹੈ।

ਮਦਦਗਾਰ ਸੁਝਾਅ:

ਜਦੋਂ ਤੁਸੀਂ ਘਰ ਵਿੱਚ ਰਹਿਣ ਲਈ ਜਾਂਦੇ ਹੋ, ਘਰ ਦੀ ਬੀਮਾ ਪਾਲਿਸੀ ਲੈਂਦੇ ਹੋ ਜਾਂ ਜਦੋਂ ਤੁਸੀਂ ਘਰ ਵਿੱਚ ਕੋਈ ਸੁਧਾਰ ਕਰਦੇ ਹੋ, ਤਾਂ ਆਪਣੇ ਘਰ ਅਤੇ ਸਮਾਨ ਦੀਆਂ ਫ਼ੋਟੋਆਂ ਖਿੱਚੋ। ਇਨ੍ਹਾਂ ਫ਼ੋਟੋਆਂ ਨੂੰ ਇੱਕ ਸੁਰੱਖਿਅਤ ਜਗ੍ਹਾ 'ਤੇ ਸਟੋਰ ਕਰਨਾ ਯਾਦ ਰੱਖੋ ਤਾਂ ਜੋ ਤੁਸੀਂ ਦਾਅਵਾ ਕਰਦੇ ਸਮੇਂ ਉਨ੍ਹਾਂ ਫ਼ੋਟੋਆਂ ਦਾ ਹਵਾਲਾ ਦੇ ਸਕੋ।

ਕਦਮ 3 ਆਪਣੇ ਬੀਮਾ ਕਵਰ ਨੂੰ ਜਾਣੋ

ਆਪਣੀ ਕਵਰੇਜ ਨੂੰ ਸਮਝਣ ਦਾ ਮਤਲਬ ਹੈ ਇਹ ਜਾਣਨਾ ਕਿ ਤੁਹਾਡੇ ਬੀਮੇ ਵਿੱਚ ਅਸਲ ਵਿੱਚ ਕੀ ਸ਼ਾਮਲ ਹੈ ਅਤੇ ਕੀ ਬਾਹਰ ਹੈ, ਤਾਂ ਜੋ ਤੁਹਾਨੂੰ ਪੂਰਾ ਭਰੋਸਾ ਹੋਵੇ ਕਿ ਤੁਸੀਂ ਸਹੀ ਤਰੀਕੇ ਨਾਲ ਬੀਮਾ ਸੁਰੱਖਿਅਤ ਹੋ।

ਸਾਰੀਆਂ ਪਾਲਿਸੀਆਂ ਇੱਕੋ ਜਿਹੀਆਂ ਨਹੀਂ ਹੁੰਦੀਆਂ ਜਾਂ ਉਨ੍ਹਾਂ ਵਿੱਚ ਇੱਕੋ ਜਿਹੀ ਰਕਮ ਦੀ ਬੀਮਾ ਸੁਰੱਖਿਆ ਸ਼ਾਮਲ ਨਹੀਂ ਹੁੰਦੀ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੀ ਪਾਲਿਸੀ ਦੀ ਸਮੀਖਿਆ ਕਰੋ ਅਤੇ ਜਾਣੋ ਕਿ ਤੁਸੀਂ ਕਿਸ ਲਈ ਬੀਮਾ ਸੁਰੱਖਿਅਤ ਹੋ।

ਅੱਗ ਤੋਂ ਬੀਮਾ

ਬਹੁਤ ਸਾਰੀਆਂ ਘਰੇਲੂ ਬੀਮਾ ਪਾਲਿਸੀਆਂ ਅੱਗ ਕਾਰਨ ਹੋਏ ਨੁਕਸਾਨ ਨੂੰ ਕਵਰ ਕਰਦੀਆਂ ਹਨ, ਜਿਸ ਵਿੱਚ ਬੁਸ਼ਫਾਇਰ ਵੀ ਸ਼ਾਮਲ ਹੈ, ਪਰ ਉਹ ਉਸ ਨੁਕਸਾਨ ਨੂੰ ਸ਼ਾਮਲ ਨਹੀਂ ਕਰਦੀਆਂ ਜੋ ਸਿੱਧੀਆਂ ਅੱਗ ਦੀਆਂ ਲਪਟਾਂ ਨਾਲ ਨਹੀਂ ਹੁੰਦਾ, ਜਿਵੇਂ ਗਰਮੀ, ਧੂੰਏਂ ਜਾਂ ਸੁਆਹ ਨਾਲ ਹੋਇਆ ਨੁਕਸਾਨ। ਕੁੱਝ ਪਾਲਿਸੀਆਂ ਵਿੱਚ ਬਹੁਤ ਸਾਰੀਆਂ ਚੀਜ਼ਾਂ ਬਾਹਰ ਕੱਢੀਆਂ ਹੋ ਸਕਦੀਆਂ ਹਨ, ਜਿਵੇਂ:

- ਤੁਹਾਡੇ ਪਾਲਿਸੀ ਖ਼ਰੀਦਣ ਤੋਂ 72 ਘੰਟਿਆਂ ਦੇ ਅੰਦਰ ਵਾਪਰਨ ਵਾਲੀਆਂ ਅੱਗਾਂ।
- ਜਾਣਬੁੱਝ ਕੇ ਲਗਾਈਆਂ ਗਈਆਂ ਅੱਗਾਂ।
- ਲਾਪਰਵਾਹੀ ਜਾਂ ਸੁਰੱਖਿਆ ਨਿਯਮਾਂ ਦੀ ਅਣਦੇਖੀ ਕਰਨ ਕਾਰਨ ਲੱਗੀਆਂ ਅੱਗਾਂ।

ਤੁਹਾਡੀ ਬੀਮਾ ਪਾਲਿਸੀ ਵਿੱਚ ਦੱਸਿਆ ਜਾਵੇਗਾ ਕਿ ਅੱਗ ਦੇ ਨੁਕਸਾਨ ਲਈ ਕੀ ਕਵਰ ਕੀਤਾ ਜਾਂਦਾ ਹੈ ਅਤੇ ਕੀ ਨਹੀਂ।

ਤੂਫ਼ਾਨ ਅਤੇ ਹੜ੍ਹ ਬੀਮਾ

ਹੜ੍ਹ ਲਈ ਬੀਮਾ ਸੁਰੱਖਿਆ ਹਮੇਸ਼ਾ ਬੀਮਾ ਪਾਲਿਸੀ ਵਿੱਚ ਸ਼ਾਮਲ ਨਹੀਂ ਹੁੰਦੀ ਹੈ – ਇਸਦੀ ਦੁਬਾਰਾ ਜਾਂਚ ਕਰਨਾ ਇੱਕ ਵਧੀਆ ਗੱਲ ਹੈ।

ਹੜ੍ਹ ਕਿਤੇ ਵੀ, ਕਦੇ ਵੀ ਆ ਸਕਦਾ ਹੈ। ਭਾਵੇਂ ਤੁਸੀਂ ਕਿਸੇ ਪਾਣੀ ਦੇ ਸਰੋਤ ਦੇ ਨੇੜੇ ਨਾ ਵੀ ਰਹਿੰਦੇ ਹੋਵੋ, ਫਿਰ ਵੀ ਤੁਹਾਡੇ ਇਲਾਕੇ ਵਿੱਚ ਹੜ੍ਹ ਆ ਸਕਦੇ ਹਨ। ਹੜ੍ਹ ਲਈ ਬੀਮਾ ਸੁਰੱਖਿਆ ਬਾਰੇ ਵਿਚਾਰ ਕਰਦੇ ਸਮੇਂ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ:

- ਹੜ੍ਹ ਲਈ ਬੀਮਾ ਸੁਰੱਖਿਆ ਤੂਫ਼ਾਨ ਲਈ ਬੀਮਾ ਸੁਰੱਖਿਆ ਤੋਂ ਵੱਖਰੀ ਹੁੰਦੀ ਹੈ। ਆਪਣੇ ਬੀਮਾਕਰਤਾ ਨੂੰ ਪੁੱਛੋ ਕਿ ਇਨ੍ਹਾਂ ਦੋਵਾਂ ਨੂੰ ਕਿਵੇਂ ਪਰਿਭਾਸ਼ਿਤ ਕੀਤਾ ਗਿਆ ਹੈ। ਬਹੁਤ ਸਾਰੀਆਂ ਘਰੇਲੂ ਬੀਮਾ ਪਾਲਿਸੀਆਂ ਤੂਫ਼ਾਨ ਨਾਲ ਹੋਏ ਨੁਕਸਾਨ ਨੂੰ ਕਵਰ ਕਰਦੀਆਂ ਹਨ। ਹਾਲਾਂਕਿ, ਬਹੁਤ ਸਾਰੀਆਂ ਪਾਲਿਸੀਆਂ ਖੁੱਲ੍ਹੀਆਂ ਖਿੜਕੀਆਂ ਜਾਂ ਦਰਵਾਜ਼ਿਆਂ ਰਾਹੀਂ ਪਾਣੀ ਦੇ ਦਾਖਲ ਹੋਣ ਜਾਂ ਘਰ ਵਿੱਚ ਪਹਿਲਾਂ ਤੋਂ ਮੌਜੂਦ ਸਮੱਸਿਆਵਾਂ ਕਾਰਨ ਹੋਏ ਨੁਕਸਾਨ ਨੂੰ ਕਵਰ ਨਹੀਂ ਕਰਦੀਆਂ ਹਨ।
- ਅਣਜਾਣੇ ਵਿੱਚ ਆਪਣੀ ਬੀਮਾ ਪਾਲਿਸੀ ਨੂੰ ਖਾਰਜ ਕਰਵਾਉਣ ਤੋਂ ਬਚਣ ਲਈ ਆਪਣੇ ਘਰ ਦੀ ਨਿਯਮਿਤ ਤੌਰ 'ਤੇ ਆਮ ਮੁਰੰਮਤ ਕਰਵਾਉਣਾ ਮਹੱਤਵਪੂਰਨ ਹੈ।

ਕਦਮ 3 ਆਪਣੇ ਬੀਮਾ ਕਵਰ ਨੂੰ ਜਾਣੋ

ਦੋ ਤਰ੍ਹਾਂ ਦੇ ਬੀਮੇ

1 ਨਿਸ਼ਚਿਤ ਬੀਮਾ ਰਾਸ਼ੀ ਕਵਰ

ਜੇਕਰ ਤੁਹਾਡਾ ਘਰ ਨੁਕਸਾਨਿਆ ਜਾਵੇ ਜਾਂ ਤਬਾਹ ਹੋ ਜਾਂਦਾ ਹੈ ਤਾਂ ਇਹ ਉਹ ਵੱਧ ਤੋਂ ਵੱਧ ਰਕਮ ਹੈ ਜਿਸਦਾ ਭੁਗਤਾਨ ਕਰਨ ਲਈ ਤੁਹਾਡੇ ਬੀਮਾਕਰਤਾ ਨੇ ਸਹਿਮਤੀ ਦਿੱਤੀ ਹੈ। ਇਹ ਰਕਮ ਆਮ ਤੌਰ 'ਤੇ ਤੁਹਾਡੇ ਘਰ ਦੀ ਕੀਮਤ 'ਤੇ ਆਧਾਰਿਤ ਹੁੰਦੀ ਹੈ ਅਤੇ ਇਹ ਸਭ ਤੋਂ ਵੱਧ ਰਕਮ ਹੈ ਜੋ ਤੁਸੀਂ ਦਾਅਵੇ ਕਰਨ ਦੀ ਸਥਿਤੀ ਵਿੱਚ ਆਪਣੇ ਬੀਮਾਕਰਤਾ ਤੋਂ ਪ੍ਰਾਪਤ ਕਰ ਸਕਦੇ ਹੋ।

2 ਸੰਪੂਰਨ ਬਦਲੀ ਕਵਰ

ਜਦੋਂ ਤੁਹਾਡਾ ਬੀਮਾਕਰਤਾ ਤੁਹਾਡੇ ਘਰ ਨੂੰ ਉਸਦੀ ਅਸਲ ਹਾਲਤ ਵਿੱਚ ਵਾਪਸ ਲਿਆਉਣ ਲਈ ਮੁਰੰਮਤ ਜਾਂ ਪੁਨਰ-ਨਿਰਮਾਣ ਕਰਨ ਦਾ ਪੂਰਾ ਖ਼ਰਚਾ ਕਵਰ ਕਰਨ ਲਈ ਸਹਿਮਤ ਹੁੰਦਾ ਹੈ, ਜਿਸ ਨਾਲ ਅਧੂਰੀ ਕਵਰੇਜ ਦਾ ਖ਼ਤਰਾ ਘੱਟ ਹੁੰਦਾ ਹੈ। ਇਹ ਕਵਰੇਜ ਹਮੇਸ਼ਾ ਨਹੀਂ ਦਿੱਤੀ ਜਾਂਦੀ ਅਤੇ ਆਮ ਤੌਰ 'ਤੇ ਇਸਦੀ ਕੀਮਤ ਵੱਧ ਹੁੰਦੀ ਹੈ।

ਮਦਦਗਾਰ ਸੁਝਾਅ:

ਤੁਹਾਡੀ ਬੀਮਾ ਪਾਲਿਸੀ ਅਤੇ ਪ੍ਰੋਡਕਟ ਡਿਸਕਲੋਜ਼ਰ ਸਟੇਟਮੈਂਟ (PDS) ਤੁਹਾਨੂੰ ਦੱਸੇਗੀ ਕਿ ਤੁਹਾਡੇ ਕੋਲ ਨਿਸ਼ਚਿਤ ਬੀਮਾ ਰਾਸ਼ੀ (ਸਮ-ਇਨਸ਼ੋਰਡ ਕਵਰ) ਹੈ ਜਾਂ ਸੰਪੂਰਨ ਬਦਲੀ ਬੀਮਾ (ਟੋਟਲ ਰਿਪਲੇਸਮੈਂਟ ਕਵਰ)।

ਕਦਮ 3 ਆਪਣੇ ਬੀਮਾ ਕਵਰ ਨੂੰ ਜਾਣੋ

ਆਪਣੇ ਬੀਮਾਕਰਤਾ ਤੋਂ ਪੁੱਛਣ ਲਈ ਸਵਾਲ

ਸਵਾਲ: ਮੇਰੀ ਪਾਲਿਸੀ ਕੀ ਕਵਰ ਕਰਦੀ ਹੈ?
ਕੀ ਇਸ ਵਿੱਚ ਹੜ੍ਹ, ਅੱਗ, ਤੂਫ਼ਾਨਾਂ ਜਾਂ ਹੋਰ ਆਫ਼ਤਾਂ ਤੋਂ ਸੁਰੱਖਿਆ ਸ਼ਾਮਲ ਹੈ?

ਸਵਾਲ: ਆਫ਼ਤਾਂ ਨੂੰ ਕਿਵੇਂ ਪਰਿਭਾਸ਼ਿਤ ਕੀਤਾ ਗਿਆ ਹੈ?
ਮੇਰੀ ਪਾਲਿਸੀ 'ਹੜ੍ਹ' ਜਾਂ 'ਤੂਫ਼ਾਨ' ਵਰਗੇ ਸ਼ਬਦਾਂ ਨੂੰ ਕਿਵੇਂ ਪਰਿਭਾਸ਼ਿਤ ਕਰਦੀ ਹੈ?

ਸਵਾਲ: ਕੀ ਮੇਰੇ ਕੋਲ ਨਿਸ਼ਚਿਤ ਬੀਮਾ ਰਾਸ਼ੀ ਕਵਰ ਹੈ ਜਾਂ ਸੰਪੂਰਨ ਬਦਲੀ ਕਵਰ?
ਜੇਕਰ ਇਹ ਨਿਸ਼ਚਿਤ ਬੀਮਾ ਰਾਸ਼ੀ ਕਵਰ ਹੈ, ਤਾਂ ਕੀ ਇਹ ਮੇਰੇ ਘਰ ਦੇ ਦੁਬਾਰਾ ਬਣਾਉਣ ਦੀ ਪੂਰੀ ਲਾਗਤ ਨੂੰ ਕਵਰ ਕਰਦਾ ਹੈ?

ਸਵਾਲ: ਜੇਕਰ ਮੇਰਾ ਘਰ ਰਹਿਣ-ਯੋਗ ਨਾ ਰਹੇ ਤਾਂ ਕੀ ਮੈਨੂੰ ਅਸਥਾਈ ਰਿਹਾਇਸ਼ ਮਿਲੇਗੀ?
ਕੀ ਮੇਰੀ ਪਾਲਿਸੀ ਕਿਰਾਏ ਦੇ ਘਰ ਜਾਂ ਹੋਟਲ ਵਿੱਚ ਠਹਿਰਨ ਦੇ ਖ਼ਰਚੇ ਦਾ ਭੁਗਤਾਨ ਕਰਦੀ ਹੈ? ਕੀ ਇਸ ਵਿੱਚ ਪਾਲਤੂ ਜਾਨਵਰਾਂ ਲਈ ਬੋਰਡਿੰਗ ਸ਼ਾਮਲ ਹੈ?

ਸਵਾਲ: ਕੀ ਇਸ ਵਿੱਚ ਸਾਫ਼- ਸਫ਼ਾਈ ਦੇ ਖ਼ਰਚੇ ਸ਼ਾਮਲ ਹਨ?
ਕੀ ਇਹ ਪਾਲਿਸੀ ਹੜ੍ਹ, ਅੱਗ ਜਾਂ ਤੂਫ਼ਾਨ ਨਾਲ ਹੋਏ ਨੁਕਸਾਨ ਹੋਣ ਤੋਂ ਬਾਅਦ ਮਲਬਾ ਹਟਾਉਣ ਲਈ ਭੁਗਤਾਨ ਕਰੇਗੀ?

ਸਵਾਲ: ਕਿਹੜੀਆਂ ਚੀਜ਼ਾਂ ਬੀਮਾ ਪਾਲਿਸੀ ਤੋਂ ਬਾਹਰ ਹਨ?
ਕਿਹੜੀਆਂ ਖ਼ਾਸ ਚੀਜ਼ਾਂ ਜਾਂ ਸਥਿਤੀਆਂ ਇਸ ਬੀਮਾ ਪਾਲਿਸੀ ਦੁਆਰਾ ਕਵਰ ਨਹੀਂ ਕੀਤੀਆਂ ਜਾਂਦੀਆਂ ਹਨ?

ਸਵਾਲ: ਕੀ ਕੁੱਝ ਦਾਅਵਿਆਂ 'ਤੇ ਭੁਗਤਾਨ ਕਰਨ ਦੀਆਂ ਕੋਈ ਸੀਮਾਵਾਂ ਹਨ?
ਕੁੱਝ ਪਾਲਿਸੀਆਂ ਦਾਅਵਿਆਂ ‘ਤੇ ਸੀਮਾਵਾਂ ਲਗਾਉਂਦੀਆਂ ਹਨ, ਜਿਵੇਂ ਕਿ ਤੂਫ਼ਾਨ ਨਾਲ ਹੋਏ ਨੁਕਸਾਨ ਲਈ ਵੱਧ ਤੋਂ ਵੱਧ $5,000 ਤੱਕ ਕਵਰ ਕਰਨਾ, ਭਾਵੇਂ ਮੁਰੰਮਤ ਜਾਂ ਬਦਲੀ ਦਾ ਖ਼ਰਚਾ ਇਸ ਤੋਂ ਵੱਧ ਹੋਵੇ।

ਸਵਾਲ: ‘ਐਕਸੈੱਸ’ ਕੀ ਹੈ?
ਤੁਹਾਨੂੰ ਆਪਣੀ ਜੇਬ ਵਿੱਚੋਂ ਕਿੰਨੀ ਰਕਮ ਭਰਨੀ ਪਵੇਗੀ ਇਸ ਤੋਂ ਪਹਿਲਾਂ ਕਿ ਬੀਮਾਕਰਤਾ ਬਾਕੀ ਦੇ ਖ਼ਰਚੇ ਦਾ ਭੁਗਤਾਨ ਕਰੇ?

ਸਵਾਲ: ਕੀ ਮੇਰੀ ਪਾਲਿਸੀ ਵਧੀਕ ਦੁਬਾਰਾ ਨਿਰਮਾਣ ਕਰਨ ਦੇ ਖ਼ਰਚੇ ਨੂੰ ਪੂਰਾ ਕਰਦੀ ਹੈ?
ਉਦਾਹਰਨ ਲਈ, ਢਾਹੁਣਾ, ਐਸਬੈਸਟਸ ਹਟਾਉਣਾ, ਕੌਂਸਲ ਦੀਆਂ ਫ਼ੀਸਾਂ ਅਤੇ ਪੇਸ਼ੇਵਰ ਸੇਵਾਵਾਂ, ਜਿਵੇਂ ਕਿ ਆਰਕੀਟੈਕਟ ਅਤੇ ਸਰਵੇਅਰ।

ਮਦਦਗਾਰ ਸੁਝਾਅ:

ਬੀਮਾਕਰਤਾ ਦੇ ਕੰਮ ਦਾ ਇੱਕ ਹਿੱਸਾ ਪਾਲਿਸੀ ਧਾਰਕਾਂ ਦੀ ਮੱਦਦ ਕਰਨਾ ਹੁੰਦਾ ਹੈ। ਜੇਕਰ ਤੁਹਾਡੇ ਕੋਲ ਆਪਣੀ ਪਾਲਿਸੀ ਬਾਰੇ ਕੋਈ ਸਵਾਲ ਹਨ, ਤਾਂ ਆਪਣੇ ਬੀਮਾਕਰਤਾ ਨਾਲ ਸੰਪਰਕ ਕਰੋ ਅਤੇ ਉਹਨਾਂ ਨੂੰ ਇਹ ਸਵਾਲ ਸਮਝਾਉਣ ਲਈ ਕਹੋ।

ਆਪਣੀ ਪਾਲਿਸੀ ਨੂੰ ਨਵਿਆਉਂਦੇ (ਰੀਨਿਊ ਕਰਦੇ) ਸਮੇਂ ਕੀ ਦੇਖਣਾ ਚਾਹੀਦਾ ਹੈ?

- [ ] **ਕੀ ਮੇਰੀ ਪਾਲਿਸੀ ਸਹੀ ਜ਼ੋਖਮਾਂ ਨੂੰ ਕਵਰ ਕਰਦੀ ਹੈ?**
ਆਪਣੇ ਜ਼ੋਖਮ ਨੂੰ ਜਾਣੋ, ਜਿਵੇਂ ਕਿ ਹੜ੍ਹ ਜਾਂ ਅੱਗ, ਅਤੇ ਯਕੀਨੀ ਬਣਾਓ ਕਿ ਇਹ ਤੁਹਾਡੀ ਪਾਲਿਸੀ ਦੁਆਰਾ ਕਵਰ ਕੀਤਾ ਗਿਆ ਹੈ।

- [ ] **ਕੀ ਮੇਰੇ ਕੋਲ ਢੁੱਕਵੀਂ ਬੀਮਾ ਸੁਰੱਖਿਆ ਹੈ?**
ਜੇਕਰ ਤੁਹਾਡੇ ਕੋਲ ਨਿਸ਼ਚਿਤ ਬੀਮਾ ਰਾਸ਼ੀ ਕਵਰ ਹੈ, ਤਾਂ ਜਾਂਚ ਕਰੋ ਕਿ ਦੁਬਾਰਾ-ਨਿਰਮਾਣ ਕਰਨ ਦੇ ਖ਼ਰਚੇ ਬਦਲੇ ਹਨ ਜਾਂ ਨਹੀਂ। ਜੇਕਰ ਇਹ ਬਦਲ ਗਏ ਹਨ, ਤਾਂ ਤੁਹਾਨੂੰ ਆਪਣੇ ਬੀਮਾ ਕਵਰ ਵਿੱਚ ਉਸ ਅਨੁਸਾਰ ਫੇਰ-ਬਦਲ ਕਰਨਾ ਚਾਹੀਦਾ ਹੈ। ਇਹ ਪਤਾ ਲਗਾਉਣ ਲਈ **www.areyoucovered.vic.gov.au** 'ਤੇ ਜਾਓ ਕਿ ਤੁਹਾਡੇ ਘਰ ਨੂੰ ਦੁਬਾਰਾ ਬਣਾਉਣ ਜਾਂ ਤੁਹਾਡੇ ਨਿੱਜੀ ਸਮਾਨ ਨੂੰ ਬਦਲਣ ਲਈ ਕਿੰਨਾ ਖ਼ਰਚਾ ਆਏਗਾ।

- [ ] **ਕੀ ਮੈਂ ਆਪਣੇ ਘਰ ਵਿੱਚ ਸੁਧਾਰ ਕੀਤੇ ਹਨ?**
ਆਪਣੇ ਘਰ ਵਿੱਚ ਕੀਤੇ ਗਏ ਕਿਸੇ ਵੀ ਬਦਲਾਅ ਬਾਰੇ ਆਪਣੇ ਬੀਮਾਕਰਤਾ ਨੂੰ ਦੱਸੋ ਤਾਂ ਜੋ ਤੁਹਾਡਾ ਕਵਰ ਤੁਹਾਡੇ ਘਰ ਦੇ ਨਵੇਂ ਨਿਰਮਾਣ ਮੁੱਲ 'ਤੇ ਅਧਾਰਿਤ ਹੋਵੇ। ਇਹ ਵੀ ਸੰਭਾਵਨਾ ਹੈ ਕਿ ਤੁਹਾਡੇ ਘਰ ਨੂੰ ਸੁਧਾਰਨ ਨਾਲ ਇਹ ਕੁਦਰਤੀ ਆਫ਼ਤਾਂ ਤੋਂ ਬਿਹਤਰ ਢੰਗ ਨਾਲ ਸੁਰੱਖਿਅਤ ਹੋ ਜਾਵੇ - ਜਿਸ ਦਾ ਮਤਲਬ ਹੈ ਕਿ ਤੁਹਾਡਾ ਪ੍ਰੀਮੀਅਮ ਘੱਟ ਸਕਦਾ ਹੈ।

- [ ] **ਕੀ ਮੇਰੀ ਪਾਲਿਸੀ ਦੀਆਂ ਸ਼ਰਤਾਂ ਬਦਲ ਗਈਆਂ ਹਨ?**
ਕਿਸੇ ਵੀ ਤਾਜ਼ਾ ਜਾਣਕਾਰੀ ਲਈ ਆਪਣੇ ਨਵੀਨੀਕਰਨ ਨੋਟਿਸ ਨੂੰ ਧਿਆਨ ਨਾਲ ਪੜ੍ਹੋ।

- [ ] **ਕੀ ਮੇਰੇ 'ਐਕਸੈੱਸ' ਦੀ ਰਕਮ ਮੇਰੇ ਲਈ ਅਜੇ ਵੀ ਠੀਕ ਹੈ?**
ਤੁਹਾਡੇ 'ਐਕਸੈੱਸ' ਦੀ ਰਕਮ ਵਿੱਚ ਫੇਰ-ਬਦਲ ਠੀਕ ਕਰਨ ਨਾਲ ਤੁਹਾਡੇ ਪ੍ਰੀਮੀਅਮ 'ਤੇ ਅਸਰ ਪੈ ਸਕਦਾ ਹੈ, ਇਸ ਲਈ ਯਕੀਨੀ ਬਣਾਓ ਕਿ ਇਹ ਤੁਹਾਡੀਆਂ ਮੌਜੂਦਾ ਜ਼ਰੂਰਤਾਂ ਅਤੇ ਬਜਟ ਨਾਲ ਮੇਲ ਖਾਂਦੀ ਹੈ।

ਮਦਦਗਾਰ ਸੁਝਾਅ:

ਹਰ ਸਾਲ ਆਪਣੀ ਪਾਲਿਸੀ ਦੀ ਸਮੀਖਿਆ ਕਰਨ ਲਈ ਇੱਕ ਰੀਮਾਈਂਡਰ ਸੈੱਟ ਕਰੋ। ਆਪਣੇ ਕਵਰ ਨੂੰ ਅੱਪ-ਟੂ-ਡੇਟ ਰੱਖਣਾ ਇਹ ਯਕੀਨੀ ਬਣਾਉਣ ਵਿੱਚ ਮੱਦਦ ਕਰਦਾ ਹੈ ਕਿ ਜੇਕਰ ਕੁੱਝ ਗ਼ਲਤ ਹੋ ਜਾਂਦਾ ਹੈ ਤਾਂ ਤੁਸੀਂ ਬੀਮਾ ਸੁਰੱਖਿਅਤ ਹੋ।

ਕਦਮ 3 ਆਪਣੇ ਬੀਮਾ ਕਵਰ ਨੂੰ ਜਾਣੋ

ਬੀਮਾ ਪਾਲਿਸੀਆਂ ਦੀ ਤੁਲਨਾ ਕਿਵੇਂ ਕਰੀਏ?

ਬੀਮਾਕਰਤਾ ਨੂੰ ਬਦਲਣਾ ਪੈਸੇ ਬਚਾਉਣ ਅਤੇ ਵਧੇਰੇ ਫ਼ਾਇਦੇਮੰਦ ਸੌਦਾ ਪ੍ਰਾਪਤ ਕਰਨ ਦੇ ਸਭ ਤੋਂ ਵਧੀਆ ਤਰੀਕਿਆਂ ਵਿੱਚੋਂ ਇੱਕ ਹੈ। ਖੋਜ ਦੱਸਦੀ ਹੈ ਕਿ ਵਿਕਟੋਰੀਆ ਦੇ ਜ਼ਿਆਦਾਤਰ ਪਰਿਵਾਰ ਆਸੇ-ਪਾਸਿਓਂ ਵੱਖ-ਵੱਖ ਪ੍ਰਦਾਤਾਵਾਂ ਦੀ ਤੁਲਨਾ ਕਰਕੇ ਆਪਣੇ ਘਰ ਦੇ ਬੀਮਾ ਪ੍ਰੀਮੀਅਮ 'ਤੇ ਘੱਟੋ-ਘੱਟ **20 ਪ੍ਰਤੀਸ਼ਤ** ਦੀ ਬੱਚਤ ਕਰ ਸਕਦੇ ਹਨ।

ਇੱਥੇ ਕੁੱਝ ਸੁਝਾਅ ਹਨ ਜੋ ਤੁਹਾਨੂੰ ਸਹੀ ਬੀਮਾਕਰਤਾ ਅਤੇ ਸਹੀ ਪਾਲਿਸੀ ਚੁਣਨ ਵਿੱਚ ਮੱਦਦ ਕਰ ਸਕਦੇ ਹਨ:

- ☐ **ਜਾਂਚ ਕਰੋ ਕਿ ਪਾਲਿਸੀ ਕੀ ਕਵਰ ਕਰਦੀ ਹੈ:** ਕੀ ਇਹ ਕੁਦਰਤੀ ਆਫ਼ਤਾਂ ਜਿਵੇਂ ਹੜ੍ਹਾਂ, ਅੱਗਾਂ ਅਤੇ ਤੂਫ਼ਾਨਾਂ ਨੂੰ ਕਵਰ ਕਰਦੀ ਹੈ? ਜੇਕਰ ਤੁਸੀਂ ਇੱਕ ਜਾਂ ਇੱਕ ਤੋਂ ਵੱਧ ਕੁਦਰਤੀ ਆਫ਼ਤਾਂ ਦੇ ਵੱਧ-ਜ਼ੋਖਮ ਵਾਲੇ ਇਲਾਕੇ ਵਿੱਚ ਰਹਿੰਦੇ ਹੋ, ਤਾਂ ਕੀ ਤੁਹਾਡੀ ਬੀਮਾ ਪਾਲਿਸੀ ਦੀ ਕਵਰੇਜ ਠੀਕ ਹੈ?
- ☐ **ਦੇਖੋ ਕਿ ਬੀਮਾ ਪਾਲਿਸੀ ਵਿੱਚ ਕੀ-ਕੀ ਸ਼ਾਮਲ ਹੈ ਅਤੇ ਕੀ-ਕੀ ਸ਼ਾਮਲ ਨਹੀਂ ਹੈ:** ਇਹ ਯਕੀਨੀ ਬਣਾਓ ਕਿ ਤੁਹਾਨੂੰ ਪਤਾ ਹੈ ਕਿ ਬੀਮਾ ਪਾਲਿਸੀ ਵਿੱਚ ਕੀ ਕਵਰ ਕੀਤਾ ਗਿਆ ਹੈ ਅਤੇ ਕੀ ਨਹੀਂ, ਅਤੇ ਤੁਹਾਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ।
- ☐ **ਪ੍ਰੀਮੀਅਮਾਂ ਦੀ ਜਾਂਚ ਕਰੋ:** ਦੇਖੋ ਕਿ ਹੋਰ ਬੀਮਾਕਰਤਾ ਉਸੇ ਤਰ੍ਹਾਂ ਦੀ ਬੀਮਾ ਪਾਲਿਸੀ ਲਈ ਕਿੰਨਾ ਚਾਰਜ ਲੈਂਦੇ ਹਨ।
- ☐ **ਦਾਅਵੇ ਦੀਆਂ ਸੀਮਾਵਾਂ ਦੀ ਜਾਂਚ ਕਰੋ:** ਦੇਖੋ ਕਿ ਵੱਖ-ਵੱਖ ਦਾਅਵਿਆਂ ਦੀਆਂ ਕਿਸਮਾਂ ਲਈ ਬੀਮਾਕਰਤਾ ਵੱਧ ਤੋਂ ਵੱਧ ਕਿੰਨੀ ਰਕਮ ਅਦਾ ਕਰਨਗੇ।
- ☐ **ਆਪਣੀ 'ਐਕਸੈੱਸ' ਦੀ ਰਕਮ 'ਤੇ ਗੌਰ ਕਰੋ:** ਜ਼ਿਆਦਾਤਰ ਬੀਮਾਕਰਤਾ ਤੁਹਾਨੂੰ ਆਪਣੀ 'ਐਕਸੈੱਸ' ਦੀ ਰਕਮ ਵਿੱਚ ਫੇਰ-ਬਦਲ ਕਰਨ ਦਿੰਦੇ ਹਨ। ਵੱਧ ਪ੍ਰੀਮੀਅਮ ਦੇ ਨਾਲ ਘੱਟ 'ਐਕਸੈੱਸ' ਜਾਂ ਵੱਧ 'ਐਕਸੈੱਸ' ਦੇ ਨਾਲ ਘੱਟ ਪ੍ਰੀਮੀਅਮ ਹੋਣ ਦੇ ਫਾਇਦੇ-ਨੁਕਸਾਨ ਦਾ ਅੰਦਾਜ਼ਾ ਲਗਾਓ।
- ☐ **ਪਾਲਿਸੀਆਂ ਨੂੰ ਜੋੜਨ ਬਾਰੇ ਵਿਚਾਰ ਕਰੋ:** ਕੁੱਝ ਬੀਮਾਕਰਤਾ ਤੁਹਾਨੂੰ ਘਰ ਅਤੇ ਸਾਮਾਨ ਦੀ ਬੀਮਾ ਪਾਲਿਸੀ ਨੂੰ ਇਕੱਠਾ ਕਰਨ ਦਿੰਦੇ ਹਨ। ਇਹ ਦੋ ਵੱਖਰੀਆਂ ਪਾਲਿਸੀਆਂ ਰੱਖਣ ਨਾਲੋਂ ਸਸਤਾ ਹੋ ਸਕਦਾ ਹੈ।

SES RESC
SES
RESCUE
SAFETY
OFFICER

ਕਦਮ 4 ਜਾਣੋ ਕਿ ਦਾਅਵਾ ਕਿਵੇਂ ਕਰਨਾ ਹੈ

ਆਫ਼ਤ ਤੋਂ ਬਾਅਦ ਕੀ ਕਰਨਾ ਹੈ?

1. **ਸੁਰੱਖਿਅਤ ਰਹੋ**

   ਜੇਕਰ ਤੁਹਾਡਾ ਘਰ ਪਾਣੀ ਨਾਲ ਭਰ ਗਿਆ ਹੈ, ਤਾਂ ਹਮੇਸ਼ਾ ਸਾਵਧਾਨ ਰਹੋ। ਜਦੋਂ ਤੱਕ ਕੋਈ ਮਾਹਰ, ਜਿਵੇਂ ਕਿ ਇਲੈਕਟ੍ਰੀਸ਼ੀਅਨ, ਫਾਇਰ ਅਫ਼ਸਰ ਜਾਂ ਕੌਂਸਲ ਦਾ ਬਿਲਡਿੰਗ ਇੰਸਪੈਕਟਰ, ਇਹ ਪੁਸ਼ਟੀ ਨਹੀਂ ਕਰਦਾ ਕਿ ਅਜਿਹਾ ਕਰਨਾ ਸੁਰੱਖਿਅਤ ਹੈ, ਉਦੋਂ ਤੱਕ ਆਪਣੇ ਘਰ ਵਿੱਚ ਦਾਖਲ ਨਾ ਹੋਵੋ ਜਾਂ ਬਿਜਲੀ ਨਾ ਚਲਾਓ। ਹੜ੍ਹ ਦੀ ਘਟਨਾ ਤੋਂ ਕਾਫ਼ੀ ਸਮੇਂ ਬਾਅਦ ਵੀ ਆਪਣੇ ਘਰ ਦੇ ਢਾਂਚੇ ਨੂੰ ਪਾਣੀ ਨਾਲ ਹੋਏ ਨੁਕਸਾਨ, ਉੱਲੀ ਲੱਗਣ ਅਤੇ ਖਾਣ-ਪੀਣ ਦੀਆਂ ਚੀਜ਼ਾਂ ਖ਼ਰਾਬ ਹੋਣ ਪ੍ਰਤੀ ਸਾਵਧਾਨ ਰਹੋ। ਜੇਕਰ ਗੱਡੀ ਨੂੰ ਪਾਣੀ ਨਾਲ ਨੁਕਸਾਨ ਪਹੁੰਚਿਆ ਹੈ ਤਾਂ ਉਸਨੂੰ ਨਾ ਚਲਾਓ।

2. **ਆਪਣੇ ਬੀਮਾਕਰਤਾ ਨਾਲ ਸੰਪਰਕ ਕਰੋ**

   ਦਾਅਵਾ ਪ੍ਰਕਿਰਿਆ ਬਾਰੇ ਸਲਾਹ ਲਵੋ ਅਤੇ ਜੇਕਰ ਤੁਹਾਨੂੰ ਲੋੜ ਹੋਵੇ ਤਾਂ ਅਸਥਾਈ ਰਿਹਾਇਸ਼ ਅਤੇ ਐਮਰਜੈਂਸੀ ਮੁਰੰਮਤਾਂ ਤੱਕ ਪਹੁੰਚ ਕਰਨ ਦਾ ਤਰੀਕਾ ਜਾਣੋ। ਜੇਕਰ ਤੁਹਾਨੂੰ ਆਪਣੀ ਅਸਥਾਈ ਰਿਹਾਇਸ਼ ਦੇ ਸਮੇਂ ਵਿੱਚ ਵਾਧਾ ਕਰਨ ਦੀ ਲੋੜ ਹੈ, ਤਾਂ ਤੁਹਾਨੂੰ ਆਪਣੀ ਰਿਹਾਇਸ਼ ਦੀ ਮਿਆਦ ਖ਼ਤਮ ਹੋਣ ਤੋਂ ਘੱਟੋ-ਘੱਟ ਤਿੰਨ ਮਹੀਨੇ ਪਹਿਲਾਂ ਆਪਣੇ ਬੀਮਾਕਰਤਾ ਨਾਲ ਗੱਲ ਕਰਨੀ ਚਾਹੀਦੀ ਹੈ।

3. **ਫ਼ੋਟੋਆਂ ਖਿੱਚੋ**

   ਸਾਫ਼-ਸਫ਼ਾਈ ਕਰਨ ਤੋਂ ਪਹਿਲਾਂ, ਫ਼ੋਟੋਆਂ ਖਿੱਚੋ ਅਤੇ ਸਾਰੇ ਨੁਕਸਾਨ ਦੀ ਸੂਚੀ ਬਣਾਓ।

4. **ਆਪਣੇ ਘਰ ਨੂੰ ਸੁਰੱਖਿਅਤ ਬਣਾਓ ਅਤੇ ਆਪਣੀ ਜਾਇਦਾਦ ਨੂੰ ਹੋਰ ਨੁਕਸਾਨ ਹੋਣ ਤੋਂ ਬਚਾਓ**

   ਆਪਣੇ ਘਰ ਅਤੇ ਸਾਮਾਨ ਨੂੰ ਹੋਰ ਨੁਕਸਾਨ ਹੋਣ ਤੋਂ ਬਚਾਉਣ ਲਈ ਸੁਰੱਖਿਅਤ ਅਤੇ ਵਾਜਬ ਕਦਮ ਚੁੱਕੋ। ਇਸ ਵਿੱਚ ਨੁਕਸਾਨ-ਰਹਿਤ ਚੀਜ਼ਾਂ ਨੂੰ ਸੁਰੱਖਿਅਤ ਥਾਂ 'ਤੇ ਰੱਖਣਾ (ਜਿਵੇਂ ਛੱਤ ਹੇਠਾਂ ਜਾਂ ਉੱਚੀ ਜਗ੍ਹਾ ‘ਤੇ) ਜਾਂ ਉਨ੍ਹਾਂ 'ਤੇ ਤਰਪਾਲ ਪਾਉਣਾ ਸ਼ਾਮਲ ਹੋ ਸਕਦਾ ਹੈ।

5. **ਜੇਕਰ ਤੁਸੀਂ ਸੁਰੱਖਿਅਤ ਢੰਗ ਨਾਲ ਕਰ ਸਕਦੇ ਹੋ ਤਾਂ ਆਪਣੇ ਘਰ ਦੀ ਸਾਫ਼-ਸਫ਼ਾਈ ਕਰੋ**

   ਆਪਣੇ ਘਰ ਵਿੱਚੋਂ ਉਨ੍ਹਾਂ ਨੁਕਸਾਨ ਹੋਈਆਂ ਚੀਜ਼ਾਂ ਨੂੰ ਹਟਾ ਦਿਓ, ਜੋ ਸਿਹਤ ਲਈ ਖ਼ਤਰਾ ਬਣ ਸਕਦੀਆਂ ਹਨ, ਜਿਵੇਂ ਕੱਪੜੇ ਦੇ ਸੋਫ਼ੇ ਅਤੇ ਕਾਰਪੇਟ। ਮੁਰੰਮਤ ਕੀਤੀਆਂ ਜਾ ਸਕਣ ਵਾਲੀਆਂ ਚੀਜ਼ਾਂ ਨੂੰ ਨਾ ਸੁੱਟੋ, ਜਦੋਂ ਤੱਕ ਕਿ ਉਹ ਸਿਹਤ ਲਈ ਖ਼ਤਰਾ ਨਾ ਹੋਣ। ਅਸੀਂ ਸਿਫਾਰਸ਼ ਕਰਦੇ ਹਾਂ ਕਿ ਨੁਕਸਾਨੀ ਇਮਾਰਤੀ ਸਮੱਗਰੀ ਦੇ ਨੇੜੇ ਨਾ ਜਾਓ ਕਿਉਂਕਿ ਇਸ ਵਿੱਚ ਐਸਬੈਸਟਸ ਜਾਂ ਹੋਰ ਖ਼ਤਰਨਾਕ ਪਦਾਰਥ ਹੋ ਸਕਦੇ ਹਨ।

ਕਦਮ 4 ਜਾਣੋ ਕਿ ਦਾਅਵਾ ਕਿਵੇਂ ਕਰਨਾ ਹੈ

ਤੁਹਾਨੂੰ ਕਿਹੜੇ ਦਸਤਾਵੇਜ਼ਾਂ ਦੀ ਲੋੜ ਪਵੇਗੀ?

- [ ] **ਸੰਪਰਕ ਵੇਰਵੇ:** ਤੁਹਾਡੇ ਬੀਮਾ ਪ੍ਰਦਾਤਾ ਜਾਂ ਤੁਹਾਡੇ ਬੀਮਾ ਬ੍ਰੋਕਰ ਦੀ ਜਾਣਕਾਰੀ।
- [ ] **ਬੀਮਾ ਪਾਲਿਸੀ ਨੰਬਰ:** ਸੰਬੰਧਿਤ ਪਾਲਿਸੀ ਨੰਬਰ ਅਤੇ ਦਸਤਾਵੇਜ਼।
- [ ] **ਪਛਾਣ:** ਤੁਹਾਡੀ ID ਅਤੇ ਤੁਹਾਡੇ ਬੀਮਾਕਰਤਾ ਦੇ ਖਾਤੇ ਨਾਲ ਜੁੜੇ ਕੋਈ ਵੀ ਪਾਸਵਰਡ ਜਾਂ ਸੁਰੱਖਿਆ ਸਵਾਲ।

ਜੇਕਰ ਮੇਰੀ ਬੀਮੇ ਸੰਬੰਧੀ ਜਾਣਕਾਰੀ ਗੁੰਮ ਜਾਂ ਨਸ਼ਟ ਹੋ ਗਈ ਹੋਵੇ ਤਾਂ ਕੀ ਕਰਨਾ ਚਾਹੀਦਾ ਹੈ?

ਜੇਕਰ ਤੁਹਾਨੂੰ ਆਪਣੇ ਬੀਮਾਕਰਤਾ ਦਾ ਨਾਮ ਯਾਦ ਹੈ, ਤਾਂ ਉਹਨਾਂ ਨੂੰ ਫ਼ੋਨ ਕਰੋ ਅਤੇ ਆਪਣੀ ਜਾਣਕਾਰੀ (ਤੁਹਾਡਾ ਨਾਮ, ਪਤਾ ਅਤੇ ਜਨਮ ਮਿਤੀ) ਦਿਓ ਅਤੇ ਉਹ ਤੁਹਾਡੀ ਮੱਦਦ ਕਰਨ ਦੇ ਯੋਗ ਹੋਣਗੇ ਅਤੇ ਤੁਸੀਂ ਆਪਣੀ ਪਾਲਿਸੀ ਦੀ ਕਾਪੀ ਮੰਗ ਸਕਦੇ ਹੋ।

ਜੇਕਰ ਤੁਹਾਨੂੰ ਆਪਣੇ ਬੀਮਾਕਰਤਾ ਦਾ ਨਾਮ ਨਹੀਂ ਪਤਾ, ਤਾਂ ਚੰਗਾ ਸੁਝਾਅ ਇਹ ਹੈ ਕਿ ਤੁਸੀਂ ਇਸਨੂੰ ਆਪਣੀ ਈਮੇਲ ਹਿਸਟਰੀ ਜਾਂ ਆਪਣੇ ਬੈਂਕਿੰਗ ਐਪ ਵਿੱਚ ਬੈਂਕ ਟ੍ਰਾਂਜ਼ੈਕਸ਼ਨਾਂ ਵਿੱਚ ਲੱਭੋ।

ਮਦਦਗਾਰ ਸੁਝਾਅ:

ਇਹ ਯਕੀਨੀ ਬਣਾਓ ਕਿ ਤੁਹਾਡੇ ਸਾਰੇ ਮਹੱਤਵਪੂਰਨ ਦਸਤਾਵੇਜ਼ ਮੌਸਮ-ਰੋਧਕ ਅਤੇ ਅੱਗ-ਰੋਧਕ ਬੈਗ ਜਾਂ ਸੇਫ਼ (ਤਿਜੌਰੀ) ਵਿੱਚ ਰੱਖੇ ਹੋਏ ਹਨ। ਇਹ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ ਜੇਕਰ ਤੁਸੀਂ ਅੱਗ ਜਾਂ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਰਹਿੰਦੇ ਹੋ।

ਕਦਮ 4 ਜਾਣੋ ਕਿ ਦਾਅਵਾ ਕਿਵੇਂ ਕਰਨਾ ਹੈ

ਦਾਅਵੇ ਦੀ ਪ੍ਰਕਿਰਿਆ ਦੌਰਾਨ ਕੀ ਉਮੀਦ ਕਰਨੀ ਹੈ

1. ਆਪਣੇ ਬੀਮਾਕਰਤਾ ਨਾਲ ਸੰਪਰਕ ਕਰੋ

ਜਿੰਨੀ ਜਲਦੀ ਹੋ ਸਕੇ ਆਪਣੇ ਬੀਮਾਕਰਤਾ ਨਾਲ ਸੰਪਰਕ ਕਰੋ। ਤੁਹਾਨੂੰ ਅਜੇ ਨੁਕਸਾਨ ਦੇ ਸਾਰੇ ਵੇਰਵੇ ਜਾਣਦੇ ਹੋਣ ਦੀ ਜ਼ਰੂਰਤ ਨਹੀਂ ਹੈ। ਤੁਸੀਂ ਆਪਣਾ ਦਾਅਵਾ ਔਨਲਾਈਨ, ਫ਼ੋਨ ਹੀਂ ਜਾਂ ਵਿਅਕਤੀਗਤ ਤੌਰ 'ਤੇ ਮਿਲਕੇ ਸ਼ੁਰੂ ਕਰ ਸਕਦੇ ਹੋ। ਤੁਹਾਡੇ ਬੀਮਾਕਰਤਾ ਨੂੰ ਤੁਹਾਡੇ ਦਾਅਵੇ ਦੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਕਿੰਨਾ ਸਮਾਂ ਲੱਗਦਾ ਹੈ, ਤੁਸੀਂ ਇਸ ਬਾਰੇ ਜਾਣਕਾਰੀ **financialrights.org.au/factsheet/insurance-claim-delay** 'ਤੇ ਜਾ ਕੇ ਪ੍ਰਾਪਤ ਕਰ ਸਕਦੇ ਹੋ।

2. ਆਪਣੇ ਘਰ ਨੂੰ ਸੁਰੱਖਿਅਤ ਬਣਾਓ

ਸਫ਼ਾਈ ਕਰਨ ਤੋਂ ਪਹਿਲਾਂ, ਆਪਣੇ ਬੀਮਾਕਰਤਾ ਨਾਲ ਗੱਲ ਕਰੋ। ਆਪਣੇ ਦਾਅਵੇ ਲਈ ਨੁਕਸਾਨ ਦੀਆਂ ਫ਼ੋਟੋਆਂ ਅਤੇ ਵੀਡੀਓ ਲਓ। ਤੁਹਾਡਾ ਬੀਮਾਕਰਤਾ ਹੋਰ ਨੁਕਸਾਨ ਨੂੰ ਹੋਣ ਤੋਂ ਰੋਕਣ ਲਈ ਐਮਰਜੈਂਸੀ ਮੁਰੰਮਤਾਂ ਦਾ ਪ੍ਰਬੰਧ ਕਰ ਸਕਦਾ ਹੈ, ਜਿਵੇਂ ਕਿ ਮਲਬਾ ਹਟਾਉਣਾ, ਬਿਜਲੀ ਦੇ ਸਰਕਟਾਂ ਨੂੰ ਅਲੱਗ ਕਰਨਾ ਜਾਂ ਛੱਤ 'ਤੇ ਤਰਪਾਲ ਪਾਉਣਾ। ਤੁਹਾਨੂੰ ਆਪਣੇ ਘਰ ਵਿੱਚ ਦੁਬਾਰਾ ਦਾਖਲ ਹੋਣ ਤੋਂ ਪਹਿਲਾਂ ਇਲੈਕਟ੍ਰੀਸ਼ੀਅਨ ਜਾਂ ਇੰਸਪੈਕਟਰ ਦੀ ਲੋੜ ਪੈ ਸਕਦੀ ਹੈ।

3. ਨੁਕਸਾਨ ਦਾ ਮੁਲਾਂਕਣ

ਤੁਹਾਡਾ ਬੀਮਾਕਰਤਾ ਕਿਸੇ ਨੂੰ ਨੁਕਸਾਨ ਦੀ ਜਾਂਚ ਕਰਨ ਅਤੇ ਇਹ ਪਤਾ ਲਗਾਉਣ ਲਈ ਭੇਜੇਗਾ ਕਿ ਇਸਦਾ ਕੀ ਕਾਰਨ ਹੈ। ਗੰਭੀਰ ਮੁੱਦਿਆਂ, ਜਿਵੇਂ ਕਿ ਢਾਂਚਾਗਤ ਨੁਕਸਾਨ ਲਈ ਇੰਜੀਨੀਅਰਾਂ ਜਾਂ ਹੋਰ ਮਾਹਰਾਂ ਦੀ ਲੋੜ ਹੋ ਸਕਦੀ ਹੈ।

4. ਦਾਅਵੇ 'ਤੇ ਫ਼ੈਸਲਾ

ਤੁਹਾਡਾ ਬੀਮਾਕਰਤਾ ਤੁਹਾਡੀ ਪਾਲਿਸੀ ਅਤੇ ਮਾਹਰਾਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਫ਼ੈਸਲਾ ਕਰੇਗਾ ਕਿ ਉਹ ਤੁਹਾਡੇ ਦਾਅਵੇ ਨੂੰ ਸਵੀਕਾਰ ਕਰਦੇ ਹਨ ਜਾਂ ਅਸਵੀਕਾਰ ਕਰਦੇ ਹਨ।

- ਜੇਕਰ ਤੁਹਾਡਾ ਦਾਅਵਾ ਮੰਨਜ਼ੂਰ ਹੋ ਜਾਂਦਾ ਹੈ, ਤਾਂ ਉਹ ਤੁਹਾਨੂੰ *ਕੰਮ ਦਾ ਦਾਇਰਾ* ਨਾਮਕ ਦਸਤਾਵੇਜ਼ ਦੇਣਗੇ, ਜਿਸ ਵਿੱਚ ਲੋੜੀਂਦੀਆਂ ਮੁਰੰਮਤਾਂ ਜਾਂ ਦੁਬਾਰਾ ਹੋਣ ਵਾਲੇ ਨਿਰਮਾਣ ਦਾ ਵੇਰਵਾ ਹੋਵੇਗਾ।
- ਇਸ ਦਸਤਾਵੇਜ਼ ਨੂੰ ਧਿਆਨ ਨਾਲ ਪੜ੍ਹੋ - ਜੇਕਰ ਮੁਰੰਮਤ ਦੌਰਾਨ ਹੋਰ ਨੁਕਸਾਨ ਮਿਲਦਾ ਹੈ ਤਾਂ ਇਹ ਬਦਲ ਸਕਦਾ ਹੈ।

5. ਦਾਅਵੇ ਦੀ ਸਮੀਖਿਆ

ਜੇਕਰ ਤੁਸੀਂ ਆਪਣੇ ਬੀਮਾਕਰਤਾ ਦੇ ਫ਼ੈਸਲੇ ਤੋਂ ਨਾਖੁਸ਼ ਹੋ, ਤਾਂ ਤੁਸੀਂ ਆਪਣੇ ਦਾਅਵੇ ਦੀ ਸਮੀਖਿਆ ਕਰਨ ਲਈ ਬੇਨਤੀ ਕਰ ਸਕਦੇ ਹੋ।

6. ਦਾਅਵੇ ਦਾ ਨਿਪਟਾਰਾ

ਤੁਹਾਡਾ ਬੀਮਾਕਰਤਾ ਤੁਹਾਨੂੰ ਹੇਠਾਂ ਦਿੱਤੇ ਤਰੀਕਿਆਂ ਵਿੱਚੋਂ ਕਿਸੇ ਇੱਕ ਦੀ ਪੇਸ਼ਕਸ਼ ਕਰੇਗਾ:

a. **ਮੁਰੰਮਤ, ਬਦਲੀ, ਜਾਂ ਦੁਬਾਰਾ ਉਸਾਰੀ:** ਇੱਕ ਬਿਲਡਰ ਨੂੰ ਨਿਯੁਕਤ ਕੀਤਾ ਜਾਵੇਗਾ ਜੋ ਪੂਰੀ ਪ੍ਰਕਿਰਿਆ ਦਾ ਪ੍ਰਬੰਧ ਕਰੇਗਾ, ਜਿਸ ਵਿੱਚ ਇਕਰਾਰਨਾਮੇ, ਸਮਾਂ-ਸੀਮਾਵਾਂ ਅਤੇ ਮੰਨਜ਼ੂਰੀਆਂ ਸ਼ਾਮਲ ਹਨ।

b. **ਕੈਸ਼ ਸੈਟਲਮੈਂਟ:** ਕੈਸ਼ ਸੈਟਲਮੈਂਟ ਦਾ ਮਤਲਬ ਹੈ ਕਿ ਬੀਮਾ ਕੰਪਨੀ ਮੁਰੰਮਤਾਂ ਲਈ ਸਿੱਧੇ ਤੌਰ 'ਤੇ ਭੁਗਤਾਨ ਕਰਨ ਦੀ ਬਜਾਏ, ਤੁਹਾਨੂੰ ਪੈਸੇ ਦੇਵੇਗੀ ਤਾਂ ਜੋ ਤੁਸੀਂ ਖੁਦ ਮੁਰੰਮਤਾਂ ਕਰਵਾ ਸਕੋ। ਹਾਲਾਂਕਿ, ਤੁਹਾਨੂੰ ਇੱਕ ਲਾਇਸੈਂਸਸ਼ੁਦਾ ਬਿਲਡਰ ਦੀ ਸੇਵਾ ਲੈਣੀ ਪਵੇਗੀ ਅਤੇ ਸਾਰੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ, ਨਹੀਂ ਤਾਂ ਤੁਹਾਡਾ ਘਰ ਭਵਿੱਖ ਵਿੱਚ ਬੀਮੇ ਯੋਗ ਨਹੀਂ ਰਹੇਗਾ। ਕੈਸ਼ ਸੈਟਲਮੈਂਟ ਸਵੀਕਾਰ ਕਰਨ ਤੋਂ ਪਹਿਲਾਂ, ਇਹ ਜਾਂਚਣਾ ਮਹੱਤਵਪੂਰਨ ਹੈ ਕਿ ਦਿੱਤੀ ਗਈ ਰਕਮ ਸਾਰੀਆਂ ਮੁਰੰਮਤਾਂ ਨੂੰ ਕਵਰ ਕਰੇਗੀ। ਵੱਖ-ਵੱਖ ਲਾਇਸੈਂਸਸ਼ੁਦਾ ਬਿਲਡਰਾਂ ਤੋਂ ਅੰਦਾਜ਼ਨ ਕੀਮਤ ਦੇ ਹਵਾਲੇ ਲੈਣਾ ਸਭ ਤੋਂ ਵਧੀਆ ਰਹਿੰਦਾ ਹੈ। ਕੈਸ਼ ਸੈਟਲਮੈਂਟ ਸਵੀਕਾਰ ਕਰਨ ਦਾ ਫ਼ੈਸਲਾ ਕਰਨ ਵਿੱਚ ਮੱਦਦ ਲੈਣ ਲਈ ਨਿਰਪੱਖ ਵਿੱਤੀ ਸਲਾਹ ਵੀ ਲੈਣਾ ਚਾਹ ਸਕਦੇ ਹੋ।

ਕੈਸ਼ ਸੈਟਲਮੈਂਟ (ਨਕਦ ਨਿਪਟਾਰਾ)

ਯਾਦ ਰੱਖੋ:

ਕੈਸ਼ ਸੈਟਲਮੈਂਟ ਬਾਰੇ ਧਿਆਨ ਨਾਲ ਵਿਚਾਰ ਕਰਨਾ ਮਹੱਤਵਪੂਰਨ ਹੈ। ਤੁਸੀਂ ਇਹ ਫ਼ੈਸਲਾ ਕਰਨ ਵਿੱਚ ਮੱਦਦ ਲੈਣ ਲਈ ਆਪਣੀ ਨਿਰਪੱਖ ਵਿੱਤੀ ਸਲਾਹ ਲੈਣਾ ਚਾਹ ਸਕਦੇ ਹੋ ਕਿ ਕੀ ਕੈਸ਼ ਸੈਟਲਮੈਂਟ ਲੈਣਾ ਠੀਕ ਹੈ। ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਕਿ ਕੈਸ਼ ਸੈਟਲਮੈਂਟ ਦੀ ਰਕਮ ਲੋੜੀਂਦੀਆਂ ਮੁਰੰਮਤਾਂ ਦੇ ਖ਼ਰਚੇ ਨੂੰ ਪੂਰਾ ਕਰਦੀ ਹੋਵੇ।

ਵੱਖ-ਵੱਖ ਲਾਇਸੈਂਸਸ਼ੁਦਾ ਬਿਲਡਰਾਂ ਤੋਂ ਦੋ-ਤਿੰਨ ਅੰਦਾਜ਼ਨ ਕੀਮਤ ਦੇ ਹਵਾਲੇ ਲੈਣਾ ਸਭ ਤੋਂ ਵਧੀਆ ਰਹਿੰਦਾ ਹੈ।

ਮਦਦਗਾਰ ਸੁਝਾਅ:

ਜਨਰਲ ਇੰਸ਼ੋਰੈਂਸ ਕੋਡ ਆਫ਼ ਪ੍ਰੈਕਟਿਸ (**insurancecouncil.com.au/code-of-practice**) ਇਹ ਦੱਸਦਾ ਹੈ ਕਿ ਤੁਹਾਡੇ ਦਾਅਵੇ 'ਤੇ ਕਾਰਵਾਈ ਕਰਦੇ ਸਮੇਂ ਬੀਮਾਕਰਤਾਵਾਂ ਨੂੰ ਕੀ ਕਰਨਾ ਚਾਹੀਦਾ ਹੈ। ਇਸ ਵਿੱਚ ਫ਼ੈਸਲੇ ਲੈਣ ਦੀਆਂ ਸਮਾਂ ਸੀਮਾਵਾਂ ਅਤੇ ਤੁਹਾਡੇ ਦਾਅਵੇ ਦੀ ਸਥਿਤੀ ਬਾਰੇ ਤਾਜ਼ਾ ਜਾਣਕਾਰੀ ਸ਼ਾਮਲ ਹਨ।

ਕਦਮ 4 ਜਾਣੋ ਕਿ ਦਾਅਵਾ ਕਿਵੇਂ ਕਰਨਾ ਹੈ

ਜੇਕਰ ਤੁਹਾਡਾ ਦਾਅਵਾ ਮੰਨਜ਼ੂਰ ਹੋ ਜਾਂਦਾ ਹੈ

ਜੇਕਰ ਤੁਹਾਡਾ ਦਾਅਵਾ ਮੰਨਜ਼ੂਰ ਹੋ ਜਾਂਦਾ ਹੈ, ਤਾਂ ਤੁਹਾਨੂੰ ਇੱਕ ਰਿਪੋਰਟ ਮਿਲੇਗੀ ਜਿਸ ਵਿੱਚ ਤੁਹਾਡੇ ਘਰ ਵਿੱਚ ਕੀਤੇ ਜਾਣ ਵਾਲੇ ਕੰਮ ਦੀ ਜਾਣਕਾਰੀ ਹੋਵੇਗੀ। ਇਸ ਰਿਪੋਰਟ ਧਿਆਨ ਨਾਲ ਪੜ੍ਹੋ ਤਾਂ ਜੋ ਤੁਸੀਂ ਜਾਣ ਸਕੋ ਕਿ ਕੀ ਬਦਲਿਆ ਜਾਂ ਮੁਰੰਮਤ ਕੀਤਾ ਜਾਵੇਗਾ, ਅਤੇ ਕੀ ਨਹੀਂ।
ਜੇਕਰ ਤੁਸੀਂ ਰਿਪੋਰਟ ਤੋਂ ਖੁਸ਼ ਨਹੀਂ ਹੋ, ਤਾਂ ਆਪਣੇ ਬੀਮਾਕਰਤਾ ਨਾਲ ਸੰਪਰਕ ਕਰੋ। ਜੇਕਰ ਤੁਸੀਂ ਪੇਸ਼ਕਸ਼ ਨਾਲ ਖੁਸ਼ ਹੋ ਅਤੇ ਸ਼ਰਤਾਂ ਨਾਲ ਸਹਿਮਤ ਹੋ, ਤਾਂ ਤੁਹਾਡਾ ਬੀਮਾਕਰਤਾ ਕੰਮ ਕਰਵਾਉਣ ਦਾ ਪ੍ਰਬੰਧ ਕਰਨ ਦੀ ਪੇਸ਼ਕਸ਼ ਕਰ ਸਕਦਾ ਹੈ, ਤੁਹਾਨੂੰ ਕੈਸ਼ ਸੈਟਲਮੈਂਟ ਦੀ ਪੇਸ਼ਕਸ਼ ਵੀ ਕਰ ਸਕਦਾ ਹੈ ਜਾਂ ਦੋਵੇਂ ਤਰੀਕਿਆਂ ਦੀ ਪੇਸ਼ਕਸ਼ ਕਰ ਸਕਦਾ ਹੈ।

ਜੇਕਰ ਤੁਹਾਡਾ ਦਾਅਵਾ ਰੱਦ ਕਰ ਦਿੱਤਾ ਜਾਂਦਾ ਹੈ ਜਾਂ ਤੁਸੀਂ ਨਤੀਜੇ ਤੋਂ ਨਾਖੁਸ਼ ਹੋ

ਗਾਹਕ ਦਾਅਵੇ ਦੀ ਪ੍ਰਕਿਰਿਆ ਦੌਰਾਨ ਕਿਸੇ ਵੀ ਸਮੇਂ ਬੀਮਾਕਰਤਾ ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹਨ।

ਜੇਕਰ ਤੁਹਾਡਾ ਦਾਅਵਾ ਰੱਦ ਕਰ ਦਿੱਤਾ ਜਾਂਦਾ ਹੈ ਜਾਂ ਤੁਸੀਂ ਸੰਤੁਸ਼ਟ ਨਹੀਂ ਹੋ, ਤਾਂ ਬੀਮਾਕਰਤਾ ਨੂੰ ਇਸਦਾ ਕਾਰਨ ਦੱਸਣਾ ਪਵੇਗਾ ਕਿ ਕਿਉਂ ਅਤੇ ਤੁਹਾਨੂੰ ਸ਼ਿਕਾਇਤ ਦਰਜ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਦੇਣੀ ਪਵੇਗੀ। ਜੇਕਰ ਤੁਸੀਂ ਆਪਣੇ ਬੀਮਾਕਰਤਾ ਨੂੰ ਸ਼ਿਕਾਇਤ ਕਰਦੇ ਹੋ ਅਤੇ ਤੁਸੀਂ ਫਿਰ ਵੀ ਨਾਖੁਸ਼ ਹੋ, ਤਾਂ ਤੁਸੀਂ ਆਸਟ੍ਰੇਲੀਆਈ ਵਿੱਤੀ ਸ਼ਿਕਾਇਤ ਅਥਾਰਟੀ (AFCA) ਨੂੰ **1800 931 678** 'ਤੇ ਫ਼ੋਨ ਕਰਕੇ ਜਾਂ **info@afca.org.au 'ਤੇ ਈਮੇਲ ਕਰਕੇ ਸ਼ਿਕਾਇਤ ਕਰ ਸਕਦੇ ਹੋ।**

ਜੇਕਰ ਤੁਹਾਨੂੰ ਕਿਸੇ ਬੀਮਾ ਵਿਵਾਦ ਵਿੱਚ ਮੱਦਦ ਦੀ ਲੋੜ ਹੈ

ਵਿੱਤੀ ਸਲਾਹ ਉਹਨਾਂ ਲੋਕਾਂ ਲਈ ਇੱਕ ਮੁਫ਼ਤ, ਗੁਪਤ ਅਤੇ ਧਾਰਨਾ-ਮੁਕਤ ਸੇਵਾ ਹੈ ਜੋ ਵਿੱਤੀ ਤੰਗੀ ਦਾ ਅਨੁਭਵ ਕਰ ਰਹੇ ਹਨ ਜਾਂ ਇਸਦੇ ਜ਼ੋਖਮ ਵਿੱਚ ਹਨ। ਇਸ ਸੇਵਾ ਤੱਕ ਪਹੁੰਚ ਕਰਨ ਲਈ ਕੋਈ ਪਾਬੰਦੀਆਂ ਲਾਗੂ ਨਹੀਂ ਹਨ – ਭਾਵੇਂ ਤੁਹਾਡੀ ਆਮਦਨੀ ਦਾ ਸਰੋਤ, ਵੀਜ਼ਾ ਸਥਿਤੀ ਜਾਂ ਰਿਹਾਇਸ਼ੀ ਸਥਿਤੀ ਜੋ ਵੀ ਹੋਵੇ।

ਜੇਕਰ ਤੁਹਾਡੇ ਜਾਂ ਤੁਹਾਡੇ ਕਿਸੇ ਜਾਣਕਾਰ ਦਾ ਕੋਈ ਕਰਜ਼ਾ ਜਾਂ ਬਿੱਲ ਹੈ ਜਿਸ ਬਾਰੇ ਉਹ ਚਿੰਤਤ ਹਨ, ਤਾਂ ਉਨ੍ਹਾਂ ਨੂੰ ਵਿੱਤੀ ਸਲਾਹਕਾਰ ਨਾਲ ਜਾਣਕਾਰੀ ਗੁਪਤ ਰੱਖਣ ਵਾਲੀ ਮੁਲਾਕਾਤ ਤੋਂ ਲਾਭ ਹੋ ਸਕਦਾ ਹੈ। ਵਿੱਤੀ ਸਲਾਹਕਾਰ ਬੀਮਾ ਵਿਵਾਦਾਂ ਬਾਰੇ ਵੀ ਸਲਾਹ ਦੇ ਸਕਦੇ ਹਨ।

» **ਫਾਇਨੈਂਸ਼ਲ ਕੌਂਸਲਿੰਗ ਵਿਕਟੋਰੀਆ:** **www.fcvic.org.au/get-help** 'ਤੇ ਜਾਓ ਜਾਂ **03 9663 2000** 'ਤੇ ਫ਼ੋਨ ਕਰੋ।
» **ਨੈਸ਼ਨਲ ਡੈਬਟ ਹੈਲਪਲਾਈਨ:** **www.ndh.org.au/financial-counselling** 'ਤੇ ਜਾਓ ਜਾਂ **1800 007 007** 'ਤੇ ਫ਼ੋਨ ਕਰੋ।

ਆਸਟ੍ਰੇਲੀਆਈ ਵਿੱਤੀ ਸ਼ਿਕਾਇਤ ਅਥਾਰਟੀ

www.afca.org.au
1800 931 678
info@afca.org.au

ਮੱਦਦ ਲੱਭਣਾ

ਰੈੱਡ ਕ੍ਰਾਸ, ਸੇਂਟ ਵਿਨਸੈਂਟ ਡੀ ਪਾਲ, ਦਾ ਸੈਲਵੇਸ਼ਨ ਆਰਮੀ ਅਤੇ **ਵੈੱਸਲੀ ਮਿਸ਼ਨ** ਵਰਗੀਆਂ ਚੈਰਿਟੀਆਂ ਤੁਹਾਨੂੰ ਭੋਜਨ, ਰਿਹਾਇਸ਼ ਅਤੇ ਘਰੇਲੂ ਸਾਮਾਨ ਨਾਲ ਮੱਦਦ ਕਰ ਸਕਦੀਆਂ ਹਨ।

ਤੁਹਾਡੀਆਂ ਵਿੱਤੀ ਸਥਿਤੀਆਂ ਨਾਲ ਮੱਦਦ

- **ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰੋ:** ਐਮਰਜੈਂਸੀ ਤੋਂ ਬਾਅਦ ਉਹ ਤੁਹਾਨੂੰ ਸਥਾਨਕ ਸਹਾਇਤਾ ਸੇਵਾਵਾਂ ਨਾਲ ਜੋੜ ਸਕਦੇ ਹਨ। ਆਪਣੀ ਸਥਾਨਕ ਕੌਂਸਲ ਨੂੰ ਇੱਥੇ ਲੱਭੋ **vic.gov.au/know-your-council/**।
- **ਬੈਂਕ ਅਤੇ ਬੀਮਾਕਰਤਾ:** ਜੇਕਰ ਤੁਹਾਨੂੰ ਪੈਸੇ ਦੀ ਚਿੰਤਾ ਹੈ ਤਾਂ ਉਹਨਾਂ ਕੋਲ ਵਿਸ਼ੇਸ਼ ਟੀਮਾਂ ਹਨ ਜੋ ਤੁਹਾਡੀ ਮੱਦਦ ਕਰ ਸਕਦੀਆਂ ਹਨ। ਆਪਣੀ ਵਿੱਤੀ ਸੰਸਥਾ ਨੂੰ ਕਾਲ ਕਰੋ ਜਾਂ ਉਨ੍ਹਾਂ ਦੀ ਵੈੱਬਸਾਈਟ ਦੇ 'ਵਿੱਤੀ ਤੰਗੀ' (Financial Hardship) ਭਾਗ 'ਤੇ ਜਾਓ।
- **ਨੈਸ਼ਨਲ ਡੈਬਟ ਹੈਲਪਲਾਈਨ: www.ndh.org.au/financial-counselling** 'ਤੇ ਜਾਓ ਜਾਂ **1800 007 0**07 'ਤੇ ਫ਼ੋਨ ਕਰੋ।
- **ਫਾਇਨੈਂਸ਼ਲ ਕੌਂਸਲਿੰਗ ਵਿਕਟੋਰੀਆ: www.fcvic.org.au/get-help** 'ਤੇ ਜਾਓ ਜਾਂ **03 9663 2000** 'ਤੇ ਫ਼ੋਨ ਕਰੋ।
- **ਐਂਗਲੀਕੇਅਰ ਵਿਕਟੋਰੀਆ: www.anglicarevic.org.au/our-services/financial-counselling/** 'ਤੇ ਜਾਓ ਜਾਂ **03 9412 6133**'ਤੇ ਫ਼ੋਨ ਕਰੋ।
- **ਗੁੱਡ ਸ਼ੈਫਰਡ ਨੋ ਇੰਟਰੈਸਟ ਲੋਨ ਸਕੀਮ (NILS):** ਬਿਨਾਂ ਵਿਆਜ ਵਾਲੇ ਕਰਜ਼ੇ ਖ਼ਰਚਿਆਂ ਦਾ ਭੁਗਤਾਨ ਕਰਨ ਦਾ ਇੱਕ ਸੁਰੱਖਿਅਤ ਅਤੇ ਸਸਤਾ ਤਰੀਕਾ ਹੋ ਸਕਦਾ ਹੈ। ਉਪਕਰਣਾਂ, ਫਰਨੀਚਰ, ਕਾਰ ਦੀ ਮੁਰੰਮਤ, ਤਕਨੀਕੀ ਜਾਂ ਸਿਹਤ ਜ਼ਰੂਰਤਾਂ ਵਰਗੀਆਂ ਜ਼ਰੂਰੀ ਚੀਜ਼ਾਂ ਲਈ $2,000 ਤੱਕ ਦੀ ਰਕਮ ਉਧਾਰ ਲਓ। ਰਿਹਾਇਸ਼ੀ ਖ਼ਰਚਿਆਂ ਜਾਂ ਕੁਦਰਤੀ ਆਫ਼ਤ ਤੋਂ ਮੁੜ-ਬਹਾਲੀ ਲਈ $3,000 ਤੱਕ ਦੀ ਰਕਮ ਉਧਾਰ ਲਓ। ਇੱਥੇ ਜਾਓ: w**ww.goodshep.org.au/services/nils/** ਤਾਂ ਜੋ ਇਨ੍ਹਾਂ ਕਰਜ਼ਿਆਂ ਅਤੇ ਯੋਗਤਾ ਬਾਰੇ ਵਧੇਰੇ ਜਾਣਕਾਰੀ ਲੈ ਸਕੋ।

ਮੁਫ਼ਤ ਕਾਨੂੰਨੀ ਸਲਾਹ

ਤੁਸੀਂ ਮੁਫ਼ਤ ਸਲਾਹ ਲੈਣ ਲਈ ਯੋਗ ਹੋ ਸਕਦੇ ਹੋ:

- **ਫਾਇਨੈਂਸ਼ਲ ਰਾਈਟਸ ਲੀਗਲ ਸੈਂਟਰ: www.financialrights.org.au** 'ਤੇ ਜਾਓ ਜਾਂ **1300 663 464**'ਤੇ ਫ਼ੋਨ ਕਰੋ।
- **ਕੰਜ਼ਿਊਮਰ ਐਕਸ਼ਨ ਲਾਅ ਸੈਂਟਰ: www.consumeraction.org.au** 'ਤੇ ਜਾਓ।
- **ਡਿਜ਼ਾਸਟਰ ਲੀਗਲ ਹੈਲਪ ਵਿਕਟੋਰੀਆ:** w**ww.disasterlegalhelp.org.au** 'ਤੇ ਜਾਓ ਜਾਂ 1**800 113 432** 'ਤੇ ਫ਼ੋਨ ਕਰੋ।

ਭਲਾਈ ਸਹਾਇਤਾ

- **ਮਾਨਸਿਕ ਸਿਹਤ ਅਤੇ ਭਲਾਈ:** ਮੁਫ਼ਤ ਮਾਨਸਿਕ ਸਿਹਤ ਸਹਾਇਤਾ ਲਈ, ਇੱਥੇ **www.partnersinwellbeing.org.au'ਤੇ ਜਾਓ ਜਾਂ 1300 375 330** 'ਤੇ ਫ਼ੋਨ ਕਰੋ। ਤੁਹਾਨੂੰ ਕੋਈ ਰੈਫ਼ਰਲ ਜਾਂ ਮੈਡੀਕੇਅਰ ਕਾਰਡ ਦੀ ਲੋੜ ਨਹੀਂ ਹੈ।
- **ਪਰਿਵਾਰਕ ਘਰੇਲੂ ਹਿੰਸਾ:** ਪਰਿਵਾਰਕ ਅਤੇ ਘਰੇਲੂ ਹਿੰਸਾ ਜਾਂ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਵਿੱਚ ਸਹਾਇਤਾ ਕਰਨ ਲਈ ਇੱਕ ਰਾਸ਼ਟਰੀ 24-ਘੰਟੇ ਉਪਲਬਧ ਸਹਾਇਤਾ ਹੈਲਪਲਾਈਨ। 1800 RESPECT ਨੂੰ **1800 737 732** 'ਤੇ ਫ਼ੋਨ ਕਰੋ।
- **ਲਾਈਫ਼ਲਾਈਨ:** ਭਾਵਨਾਤਮਕ ਪ੍ਰੇਸ਼ਾਨੀ ਵਿੱਚ ਫਸੇ ਕਿਸੇ ਵੀ ਵਿਅਕਤੀ ਲਈ 24-ਘੰਟੇ ਉਪਲਬਧ ਸਹਾਇਤਾ ਹੈਲਪਲਾਈਨ। **13 11 14**'ਤੇ ਫ਼ੋਨ ਕਰੋ ਜਾਂ **www.lifeline.org.au 'ਤੇ ਜਾਓ।**

VICTORIA
State Government

areyoucovered.vic.gov.au